

# ਅੰਮ੍ਰਿਤ ਕੀਰਤਨ

ੴ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁ : ☐ ਜੁਲਾਈ 1997

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 4 ਸਾਲ ਨੌਵਾਂ ਅਪ੍ਰੈਲ 1997


| | |
|---|---|
| ਤਤਕਰਾ | 1 |
| ਤੁਹਾਡੇ ਪੱਤਰ | 2 |
| ਕਰਉ ਬੇਨੰਤੀਆ | 3 |
| ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ -ਡਾ. ਜਾਗੀਰ ਸਿੰਘ | 4 |
| ਭਾਈ ਸਾਹਿਬ ਜੁਆਲਾ ਸਿੰਘ ਰਾਗੀ -ਗਿਆਨੀ ਮਹਿੰਦਰ ਸਿੰਘ | 8 |
| ਇੱਕ ਰਿਪੋਰਟ | 12 |
| ਸੰਗੀਤ ਦੀ ਦੁਨੀਆਂ -ਡਾ. ਮਨਵਿੰਦਰ ਕੌਰ | 13 |
| ਸੋਲੋ ਤਬਲਾ ਵਾਦਨ -ਪਰਮਜੀਤ ਸਿੰਘ | 16 |
| ਕੈਸਟ ਸਮੀਖਿਆ -ਹਰਚਰਨ ਸਿੰਘ, ਕਲਕਤਾ | 17 |
| ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ਮਨਮੋਹਨ ਸਿੰਘ | 19 |
| ਸੁਰ ਲਿਪੀ ਰਾਗ ਆਸਾਵਰੀ -ਪ੍ਰਿੰ. ਦਿਆਲ ਸਿੰਘ | 20 |
| ਸੁਰ ਲਿਪੀ ਆਸਾ -ਪ੍ਰਿੰ. ਦਿਆਲ ਸਿੰਘ | 21 |



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ੍ਹ
ਫੋਨ-650696


ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452

ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿੱਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |

■ ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

# ਮਿਤ੍ਰ ਅਸਾਡੜੇ ਸੇਈ

'ਕਰਉ ਬੇਨੰਤੀਆਂ' ਰਾਹੀਂ ਆਪ ਜੀ ਨਾਲ ਹਰ ਮਹੀਨੇ ਮੁਲਾਕਾਤ ਹੋ ਜਾਂਦੀ ਹੈ । ਇਸ ਵਾਰ ਆਪ ਜੀ ਦੀ ਚੋਣ ਅਜਿਹੇ ਮਜ਼ਮੂਨ ਤੇ ਆ ਟਿਕੀ ਹੈ ਜਿਸ ਨਾਲ ਮੈਂ ਵੀ ਜੁੜਿਆ ਹੋਇਆ ਹਾਂ । ਆਪ ਜੀ ਨੇ ਕੁਝ ਅਜਿਹੇ ਖ਼ਿਆਲ ਗੁੰਦੇ ਹਨ ਜਿਨ੍ਹਾਂ ਦਾ ਸੰਬੰਧ ਸਰੀਰ ਦੀ ਅੰਦਰੂਨੀ ਕ੍ਰਿਆ ਪ੍ਰਣਾਲੀ ਨੂੰ ਉਘੜ ਕੇ ਸਾਹਮਣੇ ਲਿਆ ਖੜਾ ਕਰਨ ਨਾਲ ਜੁੜਿਆ ਹੋਇਆ ਹੈ । ਕੁਝ ਕੁ ਖ਼ਿਆਲਾਂ ਨੂੰ ਹੋਰ ਉਘੇੜਨ ਦੀ ਲੋੜ ਹੈ । ਜਿਵੇਂ ਕਿ ਮਨੁੱਖ ਦੇ ਦਿਮਾਗ ਦੇ ਸੱਜੇ ਤੇ ਖੱਬੇ ਹਿੱਸੇ ਵਿੱਚ ਵੱਖ ਵੱਖ ਕੇਂਦਰਾਂ ਦਾ ਨਿਯੰਤਰੀਕਰਨ ਵਰਗਾ ਜਟਿਲ ਵਿਸ਼ਾ । ਦਿਮਾਗ ਵਿੱਚ ਸੁਚੇਤ, ਅਚੇਤ ਅਤੇ ਨਿੰਦਰਤ ਪਰਤਾਂ ਦਾ ਵਿਕੇਂਦਰੀਕਰਨ ਕਈ ਕਿਰਿਆਵਾਂ ਦਾ ਨਿਖੇੜ ਕਰਨਾ । ਆਪ ਜੀ ਨੇ ਬੰਗਲੌਰ ਵਿਖੇ ਮਾਨਸਿਕ ਬਿਮਾਰੀਆਂ ਦੇ ਕੇਂਦਰ ਦਾ ਜ਼ਿਕਰ ਵੀ ਕੀਤਾ ਹੈ । ਆਪ ਜੀ ਦਾ ਉਦਮ ਸੁਘੜ ਪਾਠਕਾਂ ਤੋਂ ਇਸ ਵਿਸ਼ੇ ਬਾਰੇ ਹੋਰ ਲਿਖਤੀ ਰੋਸ਼ਨੀ ਪਾਉਣ ਤੇ ਵਿਚਾਰ ਭੇਜਣ ਦੀ ਬੇਨਤੀ ਕੀਤੀ ਹੈ । ਇਸ ਤੋਂ ਆਪ ਜੀ ਦੇ ਇਸ ਵਿਸ਼ੇ ਉਤੇ ਵਿਚਾਰ ਕਰਨ ਦੀ ਉਤਸੁਕਤਾ ਝਲਕਦੀ ਹੈ ਜਿਸ ਵਿਚੋਂ ਆਪ ਜੀ ਦੀ ਕੋਮਲਤਾ ਅਤੇ ਚਿੰਤਨ ਦਾ ਪ੍ਰਗਟਾਵਾ ਹੁੰਦਾ ਹੈ । ਵਾਹਿਗੁਰੂ ਆਪ ਜੀ ਨੂੰ ਇਸ ਪ੍ਰਕਾਰ ਦੇ ਨਿਵੇਕਲੇ ਵਿਚਾਰਾਂ ਨਾਲ ਭਰਪੂਰ ਕਰੇ ਅਤੇ ਇਹ ਪ੍ਰਯਾਸ ਸੰਸਾਰੀ ਭਾਜੜ ਵਿੱਚ ਗੁਰੂ ਨਾਨਕ ਦਾ ਸੰਗੀਤ ਹੋਰ ਸੌਖਾ ਕਰਕੇ ਮਾਰਗ ਦਰਸ਼ਨ ਦਾ ਸਰੋਤ ਬਣਾਏ ।

*ਫਰੀਦਾਬਾਦ* — *-ਡਾ. ਸੁਰਜੀਤ ਕੁੰਜਾਹੀ*

'ਅੰਮ੍ਰਿਤ ਕੀਰਤਨ' ਵਿੱਚ ਕਰਉ ਬੇਨੰਤੀਆਂ, ਸੰਗੀਤ ਪੁਸਤਕ ਸਮੀਖਿਆ, ਕੈਸਟ ਸਮੀਖਿਆ ਤੇ ਭਾਈ ਜਸਬੀਰ ਸਿੰਘ ਜੀ ਦੀ ਰਾਗ ਵਿੰਦ੍ਰਾਵਨੀ ਸਾਰੰਗ ਵਿੱਚ ਤਿੰਨ ਤਾਲ ਅਤੇ ਰਾਗ ਭੁਪਾਲੀ ਵਿੱਚ ਤਿੰਨ ਤਾਲ ਦੀ ਬੰਦਿਸ਼ ਅਤੇ ਰਣਧੀਰ ਸਿੰਘ ਅਤੇ ਹਰਿੰਦਰਪਾਲ ਸਿੰਘ ਜੀ ਦੀਆਂ ਬੰਦਿਸ਼ਾਂ, ਸ਼ਬਦਾਂ ਦੇ ਅਰਥ ਕਾਬਿਲੇ-ਤਾਰੀਫ ਲੇਖ ਸਨ । ਤੁਸੀਂ ਹਰ ਮਹੀਨੇ ਹਰ ਇੱਕ ਗੁਰਪੁਰਬ ਦੇ ਪ੍ਰੋਗਰਾਮਾਂ ਦੀ ਰੂਪ ਰੇਖਾ ਵੀ ਛਾਪਿਆ ਕਰੋ ।

*ਮਲੋਟ* — *-ਗੁਰਮੁਖ ਸਿੰਘ, ਚਮਕੌਰ ਸਿੰਘ*

'ਅੰਮ੍ਰਿਤ ਕੀਰਤਨ' ਦਾ ਅਪ੍ਰੈਲ ਅੰਕ ਪਸੰਦ ਆਇਆ । ਸੰਪਾਦਕੀ ਨੋਟ ਤੋਂ ਇਲਾਵਾ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਵਿੱਚ ਸੰਗੀਤ ਦਾ ਵਿਕਾਸ, ਇੱਕ ਅਮੋਲਕ ਜੀਵਨ ਪ੍ਰੋ. ਕਰਤਾਰ ਸਿੰਘ ਜੀ, ਸਵਰ ਸਮੁੰਦ, ਕੀਰਤਨ ਪ੍ਰਸੰਸਾ ਅਤੇ ਰਾਗ ਬਸੰਤ ਵਿੱਚ ਭਾਈ ਹਰਭਜਨ ਸਿੰਘ ਜੀ ਦੀ ਬੰਦਿਸ਼ ਬਹੁਤ ਪਸੰਦ ਆਈ । 'ਨਵਾਂ ਕਾਲਮ' ਪ੍ਰਸ਼ਨਾਵਲੀ ਬਹੁਤ ਵਧੀਆ ਹੈ ।

'ਮਨ ਪ੍ਰਦੇਸੀ' (ਕਿਸ ਪਹਿ ਖੋਹਲੂੰ ਗੰਠੜੀ) ਦੇ ਲੇਖਨ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਹੌਸਲਾ ਕਰਕੇ ਇਕ ਨਿਗਰ ਸਚਾਈ ਨੂੰ 'ਅੰਮ੍ਰਿਤ ਕੀਰਤਨ' ਰਾਹੀਂ ਕੀਰਤਨੀ ਵੀਰਾਂ ਤੇ ਪਾਠਕਾਂ ਤੱਕ ਸੁਨੇਹਾ ਦਿੱਤਾ ਹੈ । ਕੀਰਤਨੀਏ ਜਾਂ ਪ੍ਰਚਾਰਕਾਂ ਵਿੱਚ ਆਚਰਨ ਦੀ ਕਮਜ਼ੋਰੀ. ਜਾਂ ਮਾਇਆ ਦਾ ਲਾਲਚ ਹੋਵੇਗਾ ਤਾਂ ਸਧਾਰਨ ਜੀਵਾਂ ਅਤੇ ਸਰੋਤਿਆਂ ਤੇ ਕੀ ਅਸਰ ਹੋਵੇਗਾ । ਗੁਰੂ ਨਾਨਕ ਦੇ ਘਰ ਦਾ ਸੇਵਕ ਭੁੱਖਾ ਨਹੀਂ ਰਹਿ ਸਕਦਾ ਪਰ ਫਿਰ ਵੀ ਬਿਨੁ ਸੰਤੋਖ ਨਹੀਂ ਕੋ ਰਾਜੇ ....

*ਕੁਵੈਂਟਰੀ (ਇੰਗਲੈਂਡ)* — *ਗਿਆਨ ਸਿੰਘ ਚੌਹਾਨ*

ਜੂਨ ਦਾ 'ਅੰਮ੍ਰਿਤ ਕੀਰਤਨ' ਬੇਹੱਦ ਪਸੰਦ ਆਇਆ, ਰਾਗੀ ਜੱਥਿਆਂ ਦੀ ਡਾਇਰੈਕਟਰੀ ਛਾਪਣੀ ਕਾਬਿਲੇ ਤਾਰੀਫ਼ ਹੈ । ਇਸ ਦੀ ਫੀਸ ਹੋਵੇਗੀ ਜਾਂ ਫਰੀ ਕ੍ਰਿਪਾ ਕਰਕੇ ਜਾਣਕਾਰੀ ਭੇਜਣਾ । "ਕਰਉ ਬੇਨੰਤੀਆਂ" ਭਾਗਵੰਤ ਕੌਰ ਵੱਲੋਂ ਕੀਰਤਨ ਦੀਆਂ ਚਾਰ ਪਉੜੀਆਂ, ਡਾ ਜਸਵਿੰਦਰ ਭੁੱਲਰ ਵੱਲੋਂ ਸਿੱਖ ਸਾਸਤ੍ਰੀ ਸੰਗੀਤ ਕਲਾ ਅਤੇ ਸੰਗੀਤ ਸਿੱਖਿਆ ਤੋਂ ਇਲਾਵਾ ਕੋਮਲ ਸਿੰਘ ਵੱਲੋਂ 'ਪੰਜਾਬੀ ਸਭਿਆਚਾਰਕ ਵਿਰਸਾ (ਡਾ. ਜਾਗੀਰ ਸਿੰਘ ਨੂਰ) ਪੁਸਤਕ ਸਮੀਖਿਆ ਵਧੀਆ ਸੀ । ਰਾਗਾਂ ਦੀ ਬੰਦਸ਼ ਤੋਂ ਇਲਾਵਾਂ ਰਾਗਾਂ ਦੀਆਂ ਤਾਨਾਂ, ਪਲਟੇ ਆਦਿਕ ਤਬਲੇ ਦੇ ਠੇਕੇ ਤੋਂ ਇਲਾਵਾ ਟੁਕੜੇ ਪਰਨਾ ਅਤੇ ਦੁਗਨ ਚਉਗਨ ਕੁਆੜ ਲੈ ਬਿਆੜ ਲੈ ਆਦਿਕ ਬਾਰੇ ਵੀ ਜਾਂਣਕਾਰੀ ਛਾਪਿਆ ਕਰੋ ।

*ਮਲੋਟ* — *ਪ੍ਰੋ. ਐਮ.ਐਸ. ਸਚਦੇਵਾ*

***Donations made to "AMRIT KIRTAN TRUST" are eligible for exemption under section 80 G of the Income Tax Act, 1961 upto 31-3-99 vide Order No. CIT/PRO/PTA/80-G/97-98/4662 dated 3/7-7-1997 issued by the CIT, Patiala***

# ਸਾਕਾਰ ਹੁੰਦਾ ਸੁਪਨਾ

ਕੁਝ ਸਮਾਂ ਪਹਿਲਾਂ ਜਦੋਂ 'ਗੁਰਮਤਿ ਸੰਗੀਤ' ਦੀ ਗੱਲ ਕਰਦੇ ਸਾਂ ਤਾਂ ਕਈ ਸੱਜਣ ਨੱਕ ਬੁੱਲ੍ਹ ਵਟਦੇ ਸਨ । ਇਹਨਾਂ ਵਿੱਚ ਇੱਕ ਤਾਂ ਉਹ ਸਨ ਜਿਹੜੇ ਹਿੰਦੁਸਤਾਨੀ ਸੰਗੀਤ ਨੂੰ ਹੀ ਸੰਗੀਤ ਸਮਝਦੇ ਸਨ ਉਹਨਾਂ ਅਨੁਸਾਰ ਇਸ ਵਿੱਚ ਭਿੰਨਤਾਂਵਾਂ ਨਹੀਂ ਹੋ ਸਕਦੀਆਂ । ਉਹ ਵੱਖ-ਵੱਖ ਸਭਿਆਚਾਰਕ ਅਤੇ ਧਾਰਮਿਕ ਇਕਾਈਆਂ ਤੋਂ ਮੁਨਕਰ ਹੁੰਦੇ ਸਨ । ਦੂਜੀ ਤਰ੍ਹਾਂ ਦੇ ਸੱਜਣ ਉਹ ਸਨ ਜਿਹੜੇ ਕੀਰਤਨ ਨੂੰ ਸੰਗੀਤ ਸ਼ਬਦ ਨਹੀਂ ਲਗਾਉਣਾ ਚਾਹੁੰਦੇ । ਉਹਨਾਂ ਅਨੁਸਾਰ ਗੁਰਬਾਣੀ ਕੀਰਤਨ ਵਿੱਚ ਸੰਗੀਤ ਦਾ ਕੋਈ ਕੰਮ ਨਹੀਂ । ਉਹ ਨਹੀਂ ਚਾਹੁੰਦੇ ਕਿ ਸੰਗੀਤ ਸਿਖ ਕੇ ਕੀਰਤਨ ਕੀਤਾ ਜਾਵੇ । ਭਾਵ ਖੁਦ ਮਿਹਨਤ ਨਹੀਂ ਸਨ ਕਰਨਾ ਚਾਹੁੰਦੇ । ਪਰ ਹੁਣ ਖ਼ੁਸ਼ੀ ਦੀ ਗੱਲ ਹੈ ਕਿ 'ਗੁਰਮਤਿ ਸੰਗੀਤ' ਦੀ ਚਰਚਾ ਗੈਰ-ਪੰਜਾਬੀ ਭਾਸ਼ਾਵਾਂ ਵਿੱਚ ਵੀ ਹੋਣ ਲੱਗ ਪਈ ਹੈ ।

'ਹਾਥ ਰਸ' ਯੂ.ਪੀ. ਤੋਂ ਨਿਕਲਦਾ ਹਿੰਦੀ ਮਾਸਿਕ ਪੱਤਰ 'ਸੰਗੀਤ' ਹਿੰਦੁਸਤਾਨੀ ਸੰਗੀਤ ਨੂੰ ਸਮਰਪਿਤ ਹੈ । ਉਸਨੇ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਅਹਿਮ ਯੋਗਦਾਨ ਪਾਇਆ ਹੈ । ਇਸ ਦੇ ਵਿਸ਼ੇਸ਼ ਅੰਕ ਸੰਗੀਤ ਦੀ ਦੁਨੀਆਂ ਵਿੱਚ ਬਹੁਤ ਪ੍ਰਸਿੱਧ ਹੋਏ ਹਨ । ਇਸ ਮੈਗਜ਼ੀਨ ਵੱਲੋਂ ਹਿੰਦੀ ਵਿੱਚ 'ਗੁਰਮਤਿ ਸੰਗੀਤ' ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨਾ ਸਾਡੇ ਲਈ ਬੜੇ ਮਾਣ ਦੀ ਗੱਲ ਹੈ । ਇਸ ਨਾਲ 'ਗੁਰਮਤਿ ਸੰਗੀਤ' ਦੀ ਵੱਖਰੀ ਹਸਤੀ ਨੂੰ ਪਛਾਣ ਲਿਆ ਗਿਆ ਹੈ । ਇਸ ਵਿਸ਼ੇਸ਼ ਅੰਕ ਦੇ ਸੰਪਾਦਕੀ ਵਿੱਚ ਡਾ. ਲਕਸ਼ਮੀ ਨਰਾਇਣ ਗਰਗ ਨੇ ਲਿਖਿਆ ਹੈ- 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗਾਤਮਿਕ ਸੰਪਾਦਨ, ਉਸ ਵਿੱਚ ਦੱਸੇ ਵੱਖ ਵੱਖ ਰਾਗ, ਪ੍ਰਕਾਰ, ਭਿੰਨ-ਭਿੰਨ ਸੰਗੀਤਕ ਸਿਰਲੇਖ ਅਤੇ ਸ਼ਾਸਤਰੀ ਤੇ ਲੋਕ-ਗਾਇਨ ਰੂਪ, ਗੁਰਮਤਿ ਸੰਗੀਤ ਦੇ ਅਭਿੰਨ ਅੰਗ ਹਨ । ਇਹ ਵਿਭਿੰਨ ਤੱਤ ਅਤੇ ਅੰਗ ਸੰਯੁਕਤ ਰੂਪ ਵਿੱਚ ਗਾਇਨ ਵਿੱਚ ਜਦੋਂ ਪ੍ਰਗਟ ਹੁੰਦੇ ਤਾਂ ਗੁਰਮਤਿ ਸੰਗੀਤ ਦਾ ਸਿਧਾਂਤਕ ਅਧਾਰ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ । ਇਸ ਵਿਸ਼ੇਸ਼ ਅੰਕ ਵਿੱਚ ਡਾ. ਗੁਰਨਾਮ ਸਿੰਘ, ਡਾ. ਡੀ.ਐਸ. ਨਰੂਲਾ, ਡਾ. ਹਰਜਸ ਕੌਰ, ਪ੍ਰੋ. ਪ੍ਰੀਤਇੰਦਰ ਕੌਰ, ਮੋਨਿਕਾ ਮਹਿਰਾ ਆਦਿ ਦੇ ਲੇਖ ਹਨ । ਇਹਨਾਂ ਲੇਖਾਂ ਵਿੱਚ ਗੁਰਮਤਿ ਸੰਗੀਤ ਦੀ ਪਛਾਣ, ਇਤਿਹਾਸਕ ਵਿਕਾਸ, ਗੁਰੂ ਸਾਹਿਬਾਨ ਅਤੇ ਭਗਤਾਂ ਦਾ ਯੋਗਦਾਨ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਸ਼ਾਸਤਰ ਤੇ ਵਿਵਹਾਰ, ਆਦਿ ਅਨੇਕਾਂ ਜ਼ਰੂਰੀ ਵਿਸ਼ੇ ਛੋਹ ਗਏ ਹਨ ।

ਇਹ ਅੰਕ 'ਗੁਰਮਤਿ ਸੰਗੀਤ' ਸੰਬੰਧੀ ਖੋਜ ਕਰ ਰਹੇ ਵਿਦਵਾਨਾਂ ਅਤੇ ਵਿਦਿਆਰਥੀਆਂ ਲਈ ਬੜਾ ਲਾਹੇਵੰਦ ਸਾਬਤ ਹੋਵੇਗਾ ।

ਗੁਰਮਤਿ ਸੰਗੀਤ ਦੇ ਪ੍ਰੇਮੀਆਂ ਨੂੰ ਇਹ ਅੰਕ ਜ਼ਰੂਰ ਖਰੀਦਣਾ ਚਾਹੀਦਾ ਹੈ ਅਤੇ ਇਸਦੇ ਪ੍ਰਬੰਧਕਾਂ ਨੂੰ ਸ਼ਲਾਘਾ ਪੱਤਰ ਲਿਖੇ ਜਾਣੇ ਚਾਹੀਦੇ ਹਨ । ਪਤਾ (Sangeet Karyalaya, Hathras-204101 (U.P)

ਅਸੀਂ 'ਸੰਗੀਤ ਕਾਰਯਾਲਿਆ ਹਾਥ ਰਸ' ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ ।

ਗੁਰਨਾਮ ਸਿੰਘ

## ਦੇਰੀ ਲਈ ਖਿਮਾਂ

ਦਾਸ ਯੂ.ਐਸ.ਏ ਅਤੇ ਹਾਲੈਂਡ ਦੀ ਯਾਤਰਾ ਤੇ ਗਿਆ ਹੋਇਆ ਸੀ ਇਸ ਕਾਰਨ ਜੁਲਾਈ ਦਾ ਪਰਚਾ ਲੇਟ ਹੋ ਗਿਆ ਅਤੇ ਸਤਿਕਾਰ ਯੋਗ ਪਾਠਕਾਂ ਦੇ ਪੱਤਰਾਂ ਦੇ ਉਤਰਾਂ ਵਿੱਚ ਦੇਰੀ ਹੋਈ । ਖਿਮਾਂ ਚਾਹੁੰਦਾ ਹਾਂ ।

ਸੰਪਾਦਕ

(ਥੀਸਿਸ ਦੇ ਨਿਰਣੇ) ਡਾ. ਜਾਗੀਰ ਸਿੰਘ

# ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ

ਮੈਂ ਆਪਣਾ ਪੀ.ਐਚ.ਡੀ. ਦਾ ਥੀਸਿਸ, "ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ" ਪੇਸ਼ ਕੀਤਾ ਸੀ ਤੇ 1980 ਵਿੱਚ ਇਸ ਤੇ ਪੀ.ਐਚ.ਡੀ. ਦੀ ਡਿਗਰੀ ਲੈ ਲਈ ਸੀ । ਉਦੋਂ ਹੀ ਇਹ ਥੀਸਿਸ ਇੱਕ ਸੰਸਥਾ ਨੇ ਛਾਪਣ ਲਈ ਲੈ ਲਿਆ ਸੀ । 17 ਸਾਲ ਹੋ ਗਏ ਮੈਨੂੰ ਚਿੱਠੀ-ਪੱਤਰ ਕਰਦਿਆਂ ਪਰ--- । ਖ਼ੈਰ ਇਸ ਥੀਸਿਸ ਵਿੱਚ ਜਿਹੜੇ ਨਿਰਣੇ ਕੱਢੇ ਸਨ ਉਹ 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਦੇ ਅੱਗੇ ਰੱਖ ਰਿਹਾ ਹਾਂ ।

ਗੁਰੂ ਕਾਵਿ ਦੀ ਕਾਵਿਕ ਅਤੇ ਸੰਗੀਤਕ ਪਿੱਠ ਭੂਮੀ ਦਾ ਅਧਿਐਨ ਕਰਦਿਆਂ ਅਸੀਂ ਵੇਖਿਆ ਹੈ ਕਿ ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਕੋਈ ਸੰਜੋਗੀ ਤੇ ਅਨੋਖੀ ਘਟਨਾਂ ਨਹੀਂ ਸਗੋਂ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਕਵਿਤਾ ਅਤੇ ਸੰਗੀਤ ਇੱਕ ਦੂਜੇ ਨਾਲ ਸੰਬੰਧਤ ਰਹੇ ਹਨ ਤੇ ਗੁਰੂ ਸਾਹਿਬਾਨ ਨੇ ਸੁਚੇਤ ਤੌਰ ਤੇ ਸੰਗੀਤ ਨੂੰ ਕਵਿਤਾ ਦਾ ਮਾਧਿਅਮ ਬਣਾਇਆ ਹੈ । ਗੁਰੂ-ਕਾਵਿ ਦਾ ਭਾਰਤੀ-ਕਾਵਿ ਪਰੰਪਰਾ ਨਾਲ ਗੂੜ੍ਹਾ ਸੰਬੰਧ ਹੈ । ਵੈਦਿਕ, ਮਹਾਂਕਾਵਿਕ, ਪੌਰਾਣਿਕ, ਬੋਧੀ, ਜੈਨੀ, ਸਿੱਧ, ਨਾਥ, ਵੈਸ਼ਣਵ, ਭਗਤੀ ਅਤੇ ਲੋਕ-ਕਾਵਿ ਦੀਆਂ ਪਰੰਪਰਾਵਾਂ ਗੁਰੂ-ਕਾਵਿ ਦਾ ਸਾਹਿਤਕ ਪਿਛੋਕੜ ਹਨ । ਪਰ ਗੁਰੂ ਕਵੀਆਂ ਨੇ ਇਨ੍ਹਾਂ ਕਾਵਿ ਪਰੰਪਰਾਵਾਂ ਨਾਲ ਸੰਬੰਧਤ ਹੋ ਕੇ ਨਵੀਆਂ ਪ੍ਰਾਪਤੀਆਂ ਕੀਤੀਆਂ ਹਨ । ਗੁਰੂ-ਕਾਵਿ ਵਿੱਚ ਪ੍ਰਯੁਕਤ ਰਾਗਾਂ ਦਾ ਭਾਰਤੀ ਰਾਗ ਪਰੰਪਰਾ ਦੇ ਸੰਦਰਭ ਵਿੱਚ ਅਧਿਐਨ ਕਰਨ ਤੋਂ ਪਤਾ ਲੱਗਾ ਹੈ ਕਿ ਗੁਰੂ ਕਵੀਆਂ ਨੇ ਆਪਣੇ ਕਾਵਿ ਨਾਲ ਕਈ ਉਹ ਰਾਗ ਸੰਬੰਧਤ ਕੀਤੇ ਹਨ ਜਿਹੜੇ ਉਹਨਾਂ ਤੋਂ ਪਹਿਲਾਂ ਪ੍ਰਚਲਿਤ ਸਨ । ਕਈ ਥਾਵਾਂ ਤੇ ਦੋ ਰਾਗ ਨੂੰ ਜੋੜ ਕੇ ਇੱਕ ਨਵਾਂ, ਮਿਸ਼ਰਤ ਰਾਗ ਸਿਰਜਿਆ ਗਿਆ ਹੈ ਅਤੇ ਕਈ ਅਸਲੋਂ ਨਵੇਂ ਰਾਗਾਂ ਦੀ ਸਿਰਜਣਾ ਕੀਤੀ ਗਈ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗ ਮਾਲਾ ਦਾ ਪੁਰਾਤਨ ਅਤੇ ਉਸ ਵੇਲੇ ਪ੍ਰਚਲਿਤ ਰਾਗ-ਮਾਲਾਵਾਂ ਨਾਲ ਤੁਲਨਾਤਮਿਕ ਅਧਿਐਨ ਕੀਤਿਆਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਹ ਰਾਗਮਾਲਾ ਭਾਰਤੀ ਰਾਗਮਾਲਾ ਪਰੰਪਰਾ ਦੀ ਇੱਕ ਕੜੀ ਹੀ ਹੈ, ਪਰ ਇਸ ਵਿੱਚ ਕਈ ਨਵੇ ਰਾਗਾਂ ਦੇ ਨਾਂ ਗਿਣਾਏ ਗਏ ਹਨ, ਜਿਹੜੇ ਹੋਰ ਕਿਸੇ ਰਾਗਮਾਲਾ ਵਿੱਚ ਨਹੀਂ ਲੱਭਦੇ ।

ਸਮੁੱਚੇ ਰੂਪ ਵਿੱਚ ਗੁਰੂ ਕਵੀਆਂ ਨੇ ਕਾਵਿ ਅਤੇ ਸੰਗੀਤ ਦਾ ਵਿਲੱਖਣ ਸੰਜੋਗ ਕੀਤਾ ਹੈ । ਉਹਨਾਂ ਨੇ ਲੋਕ-ਕਾਵਿ ਰੂਪਾਂ ਅਤੇ ਹੋਰ ਪ੍ਰਚਲਿਤ ਕਾਵਿ-ਰੂਪਾਂ ਨੂੰ ਰਾਗਾਂ ਨਾਲ ਸੰਬੰਧਤ ਕਰਕੇ ਉਹਨਾਂ ਦੀ ਪੇਸ਼ਕਾਰੀ ਦੀ ਵਿਧੀ ਨੂੰ ਵਿਲੱਖਣਤਾ ਦਿੱਤੀ ਹੈ । ਇਸ ਤਰ੍ਹਾਂ ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿਕ ਅਤੇ ਸੰਗੀਤਕ ਤੱਤ ਭਾਵੇਂ ਪਰੰਪਰਾ ਵਿੱਚ ਬਿਰਾਜਮਾਨ ਹਨ, ਪਰ ਗੁਰੂ ਕਵੀ

### ਲੇਖਕਾਂ ਪ੍ਰਤੀ ਬੇਨਤੀ

*'ਅੰਮ੍ਰਿਤ ਕੀਰਤਨ' ਵਿੱਚ ਛਪਣ ਹਿਤ ਲੇਖ ਭੇਜਣ ਵਾਲੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਲੇਖ ਵਿੱਚ ਅੰਮ੍ਰਿਤ ਗੁਰਬਾਣੀ ਦੀਆਂ ਲਗਾਂ ਮਾਤ੍ਰਾ ਆਦਿ ਨੂੰ ਸੋਧ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਲਿਖ ਕੇ ਭੇਜਣ ਦੀ ਕਿਰਪਾਲਤਾ ਕੀਤਾ ਕਰਨ ।*

*-ਸੰਪਾਦਕ*

ਉਹਨਾਂ ਦਾ ਪ੍ਰਯੋਗ ਵਿਲੱਖਣ ਢੰਗ ਨਾਲ ਕਰਦੇ ਹਨ । ਇਸ ਵਿਲੱਖਣਤਾ ਦੇ ਪ੍ਰਮੁੱਖ ਪਛਾਣ-ਚਿੰਨ੍ਹ ਹਨ :

(1) ਸਨਾਤਨੀ ਸੰਗੀਤ ਤੇ ਲੋਕ-ਗੀਤ ਦਾ ਮਿਸ਼ਰਣ
(2) ਕਾਵਿ ਤੇ ਰਾਗ ਦਾ ਸਰੋਤਾ-ਮੁਖ ਪ੍ਰਯੋਗ ਅਤੇ
(3) ਅਜਿਹੇ ਕਾਵਿ ਦੀ ਰਚਨਾ ਜਿਸ ਵਿੱਚ ਕਵਿਤਾ ਤੇ ਸੰਗੀਤ ਅਨਿਖੜ ਰੂਪ ਵਿੱਚ ਇੱਕ ਦੂਜੇ ਦੀ ਹੋਂਦ ਦਾ ਆਧਾਰ ਬਣੇ ਹਨ ।

ਗੁਰੂ ਕਵੀਆਂ ਦੇ ਜੀਵਨ, ਸਿੱਖ ਸੰਸਥਾ ਤੇ ਗੁਰੂ

ਉੱਪਰ ਝਾਤ ਮਾਰਦਿਆਂ ਇਹ ਸਪਸ਼ਟ ਹੋਇਆ ਹੈ ਕਿ ਗੁਰੂ ਕਵੀ ਬਾਨੀ ਦੀ ਰਚਨਾ ਕਰਨ ਵੇਲੇ ਆਪਣੇ ਰਚਨਾਤਮਿਕ ਅਮਲ ਤੋਂ ਸੁਚੇਤ ਸਨ । ਉਹਨਾਂ ਰਾਹੀਂ ਜਿੱਥੇ ਆਪਣੇ ਆਪ ਲਈ 'ਸਾਇਰ' ਵਿਸ਼ੇਸ਼ਣ ਵਰਤਿਆ ਗਿਆ ਹੈ ਉਥੇ ਥਾਂ ਪਰ ਥਾਂ 'ਢਾਡੀ' ਵਿਸ਼ੇਸ਼ਣ ਦਾ ਪ੍ਰਯੋਗ ਇਹ ਸਿੱਧ ਕਰਦਾ ਹੈ ਕਿ ਉਹਨਾਂ ਨੂੰ ਆਪਣੇ ਕਾਵਿ ਦੇ ਗਾਇਨ ਕੀਤੇ ਜਾਣ ਦਾ ਪੂਰਾ ਗਿਆਨ ਸੀ । ਭਾਵੇਂ ਗੁਰੂ ਕਵੀਆਂ ਦਾ ਜੀਵਨ-ਇਤਿਹਾਸ ਲਿਖਣ ਵਾਲੇ ਲੇਖਕਾਂ ਨੇ ਉਹਨਾਂ ਦੇ ਸੰਗੀਤ-ਗਿਆਨ ਵੱਲ ਕੋਈ ਸੰਕੇਤ ਨਹੀਂ ਕੀਤੇ ਪਰ ਫਿਰ ਵੀ ਉਹਨਾਂ ਦੇ ਜੀਵਨ ਇਤਿਹਾਸ ਲਿਖਣ ਵਾਲੇ ਲੇਖਕਾਂ ਦੀਆਂ ਕੁਝ ਘਟਨਾਵਾਂ ਤੋਂ ਉਹਨਾਂ ਦਾ ਸੰਗੀਤ-ਗਿਆਨ ਦ੍ਰਿਸ਼ਟੀਗੋਚਰ ਹੁੰਦਾ ਹੈ । ਗੁਰੂ ਨਾਨਕ ਦੇਵ ਜੀ ਦੇ ਸ਼ਬਦ ਗਾਇਨ ਸੰਬੰਧੀ ਹਵਾਲੇ ਮਿਲਦੇ ਹਨ । ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਸਿੱਖ ਸੰਪਰਦਾ ਵਿੱਚ ਆਉਣ ਤੋਂ ਪਹਿਲਾਂ ਵੈਸ਼ਣਵ ਭਗਤ ਸਨ । ਇਸ ਲਈ ਵੈਸ਼ਣਵਾਂ ਵਾਂਗ ਉਹਨਾਂ ਦਾ ਸੰਗੀਤ ਗਿਆਤਾ ਹੋਣਾ ਸੰਭਵ ਹੈ । ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਜੀ ਦੀ ਸਿਖਲਾਈ ਪੂਰਨ ਗੁਰਮਤਿ ਰੀਤੀ ਅਨੁਸਾਰ ਹੋਈ, ਇਸ ਲਈ ਜ਼ਰੂਰੀ ਹੈ ਕਿ ਸੰਗੀਤ ਉਹਨਾਂ ਦੀ ਸਿੱਖਿਆ ਦਾ ਮੁੱਖ ਅੰਗ ਰਿਹਾ ਹੋਵੇਗਾ । ਸਿੱਖ ਸੰਸਥਾ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਕੀਰਤਨ ਨੂੰ ਬੜਾ ਸਤਿਕਾਰ ਯੋਗ ਸਥਾਨ ਪ੍ਰਾਪਤ ਹੀ ਸੀ, ਪਰ ਇਹ ਬਾਅਦ ਵਿੱਚ (ਹੁਣ ਤੱਕ) ਵੀ ਇਹ ਸਿੱਖ ਰਹਿਤ ਮਰਯਾਦਾ ਦਾ ਇੱਕ ਜ਼ਰੂਰੀ ਅੰਗ ਬਣਿਆ ਹੋਇਆ ਹੈ । ਗੁਰੂ ਨਾਨਕ ਦੇਵ ਜੀ ਨੇ ਹੀ ਕਰਤਾਰਪੁਰ ਵਿਖੇ ਕੀਰਤਨ ਕਰਨ ਦੀ ਮਰਯਾਦਾ ਕਾਇਮ ਕੀਤੀ ਅਤੇ ਰਾਗੀ ਢਾਡੀ ਹਰ ਗੁਰੂ ਸਾਹਿਬ ਦੇ ਦਰਬਾਰ ਦਾ ਜ਼ਰੂਰੀ ਅੰਗ ਬਣੇ ਰਹੇ । ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਤੱਕ, ਸੱਤਾ ਬਲਵੰਡ, ਰਜਾਦਾ, ਭਾਈ ਸਾਦੂ, ਬਾਦੂ ਅਤੇ ਬਾਅਦ ਵਿੱਚ ਬਾਬਕ, ਨੱਥਾ, ਅਬਦੁੱਲਾ, ਭਾਈ ਜਸ, ਦਰਿਆ, ਚਤਰਾ, ਸੇਵਾ, ਰੱਤਾ ਆਦਿ ਦੇ ਕੀਰਤਨ ਦੇ ਹਵਾਲੇ ਮਿਲ ਜਾਂਦੇ ਹਨ ।

ਗੁਰੂ ਗ੍ਰੰਥ ਸਾਹਿਬ ਵਿੱਚ ਕਾਵਿ ਨੂੰ 'ਬਾਣੀ' ਕਿਹਾ ਗਿਆ ਹੈ । ਇਹ ਸੁਝਾਉ ਥਾਂ ਪਰ ਥਾਂ ਮਿਲਦਾ ਹੈ ਕਿ ਇਸ ਨੂੰ ਸਧਾਰਨ ਕਵਿਤਾ ਵਾਂਗ ਨਹੀਂ ਪੜ੍ਹਨਾ, ਸਗੋਂ ਇਸ ਦਾ ਗਾਇਨ ਕਰਨਾ ਹੈ । ਬਾਣੀ ਦੇ ਕੀਰਤਨ ਨੂੰ ਹਰ ਤਰ੍ਹਾਂ ਦੇ ਕਰਮ ਕਾਂਡਾਂ ਤੋਂ ਉੱਤਮ ਦੱਸਿਆ ਗਿਆ ਹੈ । ਗੁਰਬਾਣੀ ਦਾ ਕੀਰਤਨ ਕਰਨ ਵਾਲਾ ਵਿਸ਼ੇਸ਼ ਪਦ ਦਾ ਅਧਿਕਾਰੀ ਹੈ ਅਤੇ ਕੀਰਤਨ ਸੁਣਨ ਵਾਲਾ ਵੀ ਸਤਿਕਾਰ ਦਾ ਪਾਤਰ ਹੈ । ਸੰਗੀਤ ਕਲਾ ਦੇ ਕੇਵਲ ਉਹਨਾਂ ਰਾਗਾਂ ਨੂੰ ਹੀ ਸਫਲ ਕਿਹਾ ਗਿਆ ਹੈ ਜਿਹਨਾਂ ਰਾਹੀਂ ਬਾਣੀ ਦਾ ਗਾਇਨ ਕੀਤਾ ਜਾਂਦਾ ਹੈ । ਗੁਰਬਾਣੀ ਵਿੱਚ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਲੀ ਦਾ ਪ੍ਰਯੋਗ

---

ਖੁਸ਼ ਤੇ ਸੁਖੀ ਰਹਿਣ ਲਈ ਆਪਣੇ ਆਸ਼ੇ ਉਚੇ, ਉਮੀਦਾਂ ਰਾਹ-ਰਾਹ ਸਿਰ ਤੇ ਜ਼ਰੂਰਤਾਂ ਘੱਟ ਰੱਖੋ ।

ਤੁਹਾਡਾ ਮਨ ਬਾਗ ਹੈ । ਤੁਸੀਂ ਇਸ ਬਾਗ ਦੇ ਮਾਲੀ ਹੋ । ਇਸ ਬਾਗ ਨੂੰ ਹਰਿਆ ਭਰਿਆ ਰੱਖਣ ਲਈ ਤੁਸੀਂ ਆਪ ਹੀ ਉਪਰਾਲਾ ਕਰਨਾ ਹੈ ।

ਕਰਦਿਆਂ ਇਸ ਨੂੰ ਗੁਰਮਤਿ ਭਾਵਾਂ ਨਾਲ ਸੰਬੰਧਤ ਕੀਤਾ ਗਿਆ ਹੈ । ਇਸ ਤਰ੍ਹਾਂ ਗੁਰੂ ਕਵੀਆਂ ਦੇ ਨਿੱਜੀ ਜੀਵਨ, ਸਿੱਖ ਸੰਸਥਾ ਅਤੇ ਗੁਰਬਾਣੀ ਵਿੱਚ ਜਿੱਥੇ ਕਾਵਿ ਅਤੇ ਸੰਗੀਤ ਦਾ ਸੁਮੇਲ ਹੋਇਆ ਹੈ ਉਥੇ ਇਸ ਸੁਮੇਲ ਨੂੰ 'ਕੀਰਤਨ' ਕਹਿ ਕੇ ਸਤਿਕਾਰਿਆ ਵੀ ਗਿਆ ਹੈ ।

ਗੁਰੂ-ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦੇ ਸੰਬੰਧ ਦਾ ਅਧਿਐਨ ਕਰਦਿਆਂ ਅਸੀਂ ਇਸ ਨਤੀਜੇ ਤੇ ਪੁੱਜੇ ਹਾਂ ਕਿ ਗੁਰੂ ਕਵੀਆਂ ਦਾ ਕਾਵਿ-ਅਨੁਭਵ ਕੋਈ ਸਾਧਾਰਨ ਅਨੁਭਵ ਨਹੀਂ, ਸਗੋਂ ਇੱਕ ਅਜਿਹਾ ਅਨੁਭਵ ਹੈ ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਤਾਂ ਕੀ ਸਗੋਂ ਕਵਿਤਾ ਰਾਹੀਂ ਵੀ ਪ੍ਰਗਟ ਨਹੀਂ ਕੀਤਾ ਜਾ ਸਕਦਾ । ਇਸ ਨੂੰ ਪ੍ਰਗਟ ਕਰਨ ਲਈ ਸੰਗੀਤ ਦਾ ਮਾਧਿਅਮ ਜ਼ਰੂਰੀ ਸੀ ਕਿਉਂਕਿ ਸੰਗੀਤ ਵਿੱਚ ਰਹੱਸਮਈ ਅਨੁਭਵ ਨੂੰ ਪ੍ਰਗਟ ਕਰਨ ਦੀ ਵਧੇਰੇ ਸਮਰਥਾ ਹੈ । ਗੁਰਬਾਣੀ ਵਿੱਚ ਪੇਸ਼ ਸਾਰਾ ਅਨੁਭਵ ਇੱਕੋ ਜਿਹਾ ਨਹੀਂ, ਸਗੋਂ ਉਸ ਵਿੱਚ ਵੰਨ-ਸੁਵੰਨਤਾ ਹੈ । ਗੁਰ-ਕਾਵਿ ਵਿੱਚ ਪ੍ਰਯੁਕਤ ਰਾਗਾਂ ਅਤੇ ਬਾਣੀ ਦਾ ਅਧਿਐਨ ਕਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹਨਾਂ ਨੇ ਵੱਖ-ਵੱਖ ਭਾਵਾਂ ਲਈ ਵੱਖ-ਵੱਖ ਰਾਗਾਂ ਦਾ ਪ੍ਰਯੋਗ ਕੀਤਾ ਹੈ ।

ਗੁਰੂ ਕਵੀਆਂ ਨੇ ਆਮ ਤੌਰ ਤੇ ਗੰਭੀਰ, ਸ਼ਾਂਤ ਅਤੇ ਕਰੁਣ ਭਾਵਾਂ ਲਈ, ਸਿਰੀ ਰਾਗ, ਗਉੜੀ, ਰਾਮਕਲੀ, ਭੈਰਵ ਆਦਿ ਰਾਗਾਂ ਦਾ ਪ੍ਰਯੋਗ ਕੀਤਾ ਹੈ । ਖੁਸ਼ੀ ਦੇ ਭਾਵਾਂ ਲਈ ਬਿਲਾਵਲ, ਸੂਹੀ, ਬਿਹਾਗੜਾ ਆਦਿ ਰਾਗਾਂ ਦਾ ਪ੍ਰਯੋਗ ਕੀਤਾ ਹੈ । ਧਾਰਮਿਕ ਭਗਤੀ ਭਾਵਾਂ ਲਈ ਗੁਜਰੀ, ਧਨਾਸਰੀ, ਸੋਰਠ ਆਦਿ ਰਾਗ ਵਰਤੇ ਹਨ । ਉਤਸ਼ਾਹ ਪੈਦਾ ਕਰਨ ਲਈ ਮਾਲ, ਆਸਾ, ਪ੍ਰਭਾਤੀ ਆਦਿ ਰਾਗ ਪ੍ਰਯੁਕਤ ਹੋਏ ਹਨ ।

ਕਈ ਥਾਵਾਂ ਤੇ ਗੁਰੂ ਕਵੀਆਂ ਨੇ ਵਿਸ਼ੇਸ਼ ਭਾਵਾਂ ਦੇ ਪ੍ਰਗਟਾਉ ਲਈ ਰਾਗਾਂ ਦੇ ਮਿਸ਼ਰਤ ਰੂਪਾਂ ਦਾ ਵੀ ਪ੍ਰਯੋਗ ਕੀਤਾ ਹੈ ।

ਗੁਰੂ ਕਾਵਿ ਦੇ ਰੂਪ ਵਿਧਾਨ ਦੀ ਚਰਚਾ ਕਰਦਿਆਂ ਸਾਨੂੰ ਗਿਆਨ ਹੋਇਆ ਹੈ ਕਿ ਗੁਰੂਆਂ ਦੀ ਰਾਗ-ਬੱਧ ਬਾਣੀ ਵਿੱਚ ਕਾਵਿ ਰੂਪਾਂ, ਛੰਦਾਂ ਅਤੇ ਸ਼ਬਦਾਵਲੀ ਦਾ ਪ੍ਰਯੋਗ ਰਾਗਾਂ ਦੇ ਅਨੁਸਾਰ ਹੋਇਆ ਹੈ । ਜਿੱਥੇ ਬਹੁਤ ਸਾਰੇ ਕਾਵਿ ਰੂਪ ਲੋਕ ਪਰੰਪਰਾ ਨਾਲ ਸੰਬੰਧਤ ਹਨ ਉਥੇ ਕਈ ਰਾਗ ਵੀ ਲੋਕ ਗੀਤਾਂ ਦੀਆਂ ਧੁਨਾਂ ਦੇ ਸੁਰ ਪ੍ਰਬੰਧ ਅਨੁਸਾਰ ਸਿਰਜੇ ਗਏ ਹਨ । ਕਾਵਿ ਰੂਪਾਂ ਦਾ ਛੰਦ ਪ੍ਰਬੰਧ ਭਾਵੇਂ ਸੰਗੀਤਕਤਾ, ਲੋਕ-ਕਾਵਿ ਰੂਪਾਂ ਅਤੇ ਵਿਸ਼ੇ ਦੀ ਵਿਲੱਖਣਤਾ ਕਰਕੇ ਸਨਾਤਨੀ ਪਰੰਪਰਾ ਨਾਲ ਮੇਲ ਨਹੀਂ ਖਾਂਦਾ ਪਰ ਫਿਰ ਵੀ ਕਿਤੇ ਕਿਤੇ ਛੰਦ ਅਤੇ ਰਾਗ ਦੀ ਆਪਸੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ । ਗੁਰੂ ਕਵੀਆਂ ਨੇ ਉਹਨਾਂ ਕਾਵਿ ਰੂਪਾਂ ਦਾ ਸਭ ਤੋਂ ਵੱਧ ਪ੍ਰਯੋਗ ਕੀਤਾ ਜਿਹੜੇ ਆਸਾਨੀ ਨਾਲ ਗਾਏ ਜਾ ਸਕਦੇ ਹਨ । ਪਦ ਕਾਵਿ-ਰੂਪ ਦਾ ਆਪਣੀ ਗਾਇਨ ਵਿਸ਼ੇਸ਼ਤਾ ਕਰਕੇ ਸਭ ਤੋਂ ਵਧ ਗਿਣਤੀ ਵਿੱਚ ਅਤੇ ਸਭ ਤੋਂ ਵੱਧ ਰਾਗਾਂ ਵਿੱਚ ਪ੍ਰਯੋਗ ਕੀਤਾ ਗਿਆ ਹੈ । ਇਸੇ ਤਰ੍ਹਾਂ ਵਾਰਾਂ ਅਤੇ ਛੰਦ ਕਾਵਿ ਰੂਪ ਵੀ ਬਹੁਤੇ ਕਾਵਿ ਰੂਪਾਂ ਨਾਲੋਂ ਵਧੇਰੇ ਰਾਗਾਂ ਵਿੱਚ ਪ੍ਰਯੁਕਤ ਹੋਏ ਹਨ । ਬਾਕੀ ਦੇ ਕਾਵਿ ਰੂਪਾਂ ਨੂੰ ਇੱਕ ਜਾਂ ਦੋ ਰਾਗਾਂ ਵਿੱਚ ਵਰਤਿਆ ਗਿਆ ਹੈ । ਇਹਨਾਂ ਕਾਵਿ ਰੂਪਾਂ ਵਿੱਚੋਂ ਬਹੁਤੇ ਉਹਨਾਂ ਰਾਗਾਂ ਵਿੱਚ ਦਰਜ ਹੋਏ ਜਿਹਨਾਂ ਵਿੱਚ ਗਾਉਣ ਨਾਲ ਇਹਨਾਂ ਦਾ ਭਾਵ ਪੂਰੀ ਤਰ੍ਹਾਂ ਉਜਾਗਰ ਹੋ ਸਕੇ । ਕਾਵਿ ਰੂਪਾਂ ਵਿੱਚ ਸੰਗੀਤਕਤਾ ਪੈਦਾ ਕਰਨ ਲਈ ਕਈ ਤਰ੍ਹਾਂ ਦੇ ਤੁਕਾਂਤ


*ਇੱਕ ਚੰਗੀ ਆਦਤ*

*ਮੈਗਜ਼ੀਨ ਦਾ ਚਿੱਟ ਨੰਬਰ ਜ਼ਰੂਰ ਕਿਸੇ ਡਾਇਰੀ ਵਿੱਚ ਨੋਟ ਕਰਕੇ ਰੱਖੋ । ਇਸ ਤਰ੍ਹਾਂ ਤੁਸੀਂ ਮੈਗਜ਼ੀਨ ਦੇ ਨਾ ਪੁੱਜਣ 'ਤੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਆਪਣਾ ਤੇ ਮੈਗਜ਼ੀਨ ਪ੍ਰਬੰਧਕਾਂ ਦਾ ਬਹੁਤ ਸਾਰਾ ਸਮਾਂ ਬਚਾ ਸਕਦੇ ਹੋ ।*

*ਮੈਗਜ਼ੀਨ ਨਾ ਪੁੱਜਣ ਦੀ ਤੁਰੰਤ ਸੂਚਨਾ ਦਿਓ । 5 ਜਾਂ 6 ਮਹੀਨੇ ਬਾਅਦ ਸ਼ਿਕਾਇਤ ਭੇਜਣ ਲਈ ਤੁਸੀਂ ਵੀ ਜ਼ਿੰਮੇਵਾਰ ਬਣ ਜਾਂਦੇ ਹੋ ਤੇ ਅਸੀਂ ਵੀ ਆਪਦੀ ਸੇਵਾ ਨਹੀਂ ਕਰ ਸਕਦੇ ।*

ਅਤੇ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ । ਕਈ ਥਾਂਵਾਂ ਤੇ ਇਹ ਸ਼ਬਦਾਵਲੀ ਖ਼ਾਸ ਤਰ੍ਹਾਂ ਦਾ ਸੰਗੀਤਕ ਪ੍ਰਭਾਵ ਪੈਦਾ ਕਰਦੀ ਹੈ ।

ਗੁਰੂ ਸਾਹਿਬਾਨ ਕੇਵਲ ਆਪਣੇ ਭਾਵਾਂ ਦਾ ਵਿਰੇਚਨ ਕਰਨ ਲਈ ਹੀ ਕਾਵਿ ਰਚਨਾ ਨਹੀਂ ਸਨ ਕਰਦੇ, ਸਗੋਂ 'ਉਹ', ਇਸ ਰਾਹੀਂ ਲੋਕਾਂ ਦੀ ਅਗਵਾਈ ਕਰਨਾ ਚਾਹੁੰਦੇ ਸਨ । 'ਉਹ' ਉਸ ਵੇਲੇ ਦੇ ਸਮਾਜ ਵਿੱਚ ਨਰੋਈ ਤਬਦੀਲੀ ਲਿਆਉਣਾ ਚਾਹੁੰਦੇ ਸਨ । ਇਸ ਲਈ ਉਹਨਾਂ ਨੇ ਆਪਣੀ ਕਾਵਿ ਰਚਨਾ ਨੂੰ ਸਮਕਾਲੀ ਸਰੋਤੇ ਤੱਕ ਸੰਚਾਰ ਕਰਨ ਲਈ ਸੰਗੀਤ ਦਾ ਮਾਧਿਅਮ ਵਜੋਂ ਪ੍ਰਯੋਗ ਕੀਤਾ । ਸੰਗੀਤ ਦੀ ਸਹਾਇਤਾ ਨਾਲ ਕਾਵਿ ਦੀ ਸੰਚਾਰ-ਸ਼ਕਤੀ ਵਿੱਚ ਵਾਧਾ ਹੁੰਦਾ ਹੈ । ਗੁਰ ਸਾਹਿਬਾਨ ਦੇ ਵੇਲੇ ਪ੍ਰਚਲਿਤ ਰਾਗਾਂ ਨਾਲ ਆਮ ਤੌਰ ਤੇ ਸ਼ਿੰਗਾਰ ਰਸੀ ਭਾਵ ਜੁੜੇ ਹੋਏ ਸਨ ਅਤੇ ਇਹਨਾਂ ਵਿੱਚ ਕੇਵਲ ਰਾਜ-ਦਰਬਾਰੀਆਂ ਦਾ ਮਨੋਰੰਜਨ ਕਰਨ ਵਾਲੇ ਗੀਤ ਆਦਿ ਗਾਏ ਜਾਂਦੇ ਸਨ । ਪਰ ਗੁਰੂ ਸਾਹਿਬਾਨ ਨੇ ਰਾਗਾਂ ਨੂੰ ਆਪਣੇ ਪ੍ਰਯੋਜਨ ਲਈ ਪ੍ਰਯੁਕਤ ਕੀਤਾ ਅਤੇ ਰਾਗਾਂ ਰਾਹੀਂ ਗੁਰ-ਬਾਣੀ ਦਾ ਗਾਇਨ ਕਰਨਾ ਹੀ ਉਚਿੱਤ ਦੱਸਿਆ ।

ਗੁਰੂ-ਕਾਵਿ ਵਿੱਚ ਪ੍ਰਯੁਕਤ ਕਾਵਿ ਰੂਪ, ਗਾਇਨ-ਸ਼ੈਲੀਆਂ ਦੀ ਵੰਨ ਸੁਵੰਨਤਾ ਨੂੰ ਦਰਸਾਉਂਦੇ ਹਨ । ਉਸ ਵੇਲੇ ਵੱਖ ਵੱਖ ਤਿੱਥਾਂ ਤਿਉਹਾਰਾਂ ਨਾਲ ਅਤੇ ਜਨਮ-ਮਰਨ ਦੇ ਮੌਕਿਆਂ ਨਾਲ ਕਈ ਤਰ੍ਹਾਂ ਦੇ ਵਹਿਮ ਭਰਮ ਜੁੜੇ ਹੋਏ ਸਨ । ਇਸ ਕਰਕੇ ਉਸ ਵੇਲੇ ਕਈ ਤਰ੍ਹਾਂ ਦੇ ਗੀਤ ਆਦਿ ਵੀ ਗਾਏ ਜਾਂਦੇ ਸਨ । ਗੁਰੂ ਕਵੀਆਂ ਨੇ ਉਹਨਾਂ ਲੋਕ ਗੀਤਾਂ ਦੇ ਰੂਪ ਨੂੰ ਆਪਣੇ ਪ੍ਰਯੋਜਨ ਲਈ ਵਰਤਿਆ ਤੇ ਲੋਕਾਂ ਨੂੰ ਉਨ੍ਹਾਂ ਵਹਿਮਾਂ ਭਰਮਾਂ ਤੋਂ ਮੁਕਤ ਕੀਤਾ । ਖ਼ਾਸ ਕਰਕੇ ਵਾਰ-ਕਾਵਿ ਰਾਹੀਂ ਉਹਨਾਂ ਨੇ ਜ਼ੁਲਮ ਅਤੇ ਪਾਖੰਡ ਦੇ ਖਿਲਾਫ਼ ਸੰਘਰਸ਼ ਕਰਨ ਲਈ ਲੋਕਾਂ ਵਿਚ ਮਨੋਬਲ ਦਾ ਸੰਚਾਰ ਕੀਤਾ ।

ਗੁਰੂ-ਕਾਵਿ ਦੀ ਗਾਇਨ ਪੱਧਤੀ ਵਿੱਚ 'ਰਹਾਉ' ਦੀਆਂ ਤੁਕਾਂ ਨੂੰ ਵਾਰ ਵਾਰ ਸਥਾਈ ਵਜੋਂ ਗਾਇਆ ਜਾਂਦਾ ਹੈ । ਗੁਰੂ ਸਾਹਿਬਾਨ ਨੇ ਇਹਨਾਂ ਤੁਕਾਂ ਦੇ ਰੂਪ ਨੂੰ ਸਰੋਤੇ ਅਤੇ ਆਪਣੇ ਪ੍ਰਯੋਜਨ ਦੇ ਅਨੁਸਾਰ ਢਾਲਿਆ ਤਾਂ ਜੋ ਇਹਨਾਂ ਤੁਕਾਂ ਦੇ ਵਾਰ ਵਾਰ ਗਾਇਨ ਨਾਲ ਸਰੋਤਾ ਗਾਇਨ ਵੱਲ ਆਕਰਸ਼ਿਤ ਵੀ ਰਹੇ ਅਤੇ ਸ਼ਬਦ ਦਾ ਕੇਂਦਰੀ ਭਾਵ ਵੀ ਉਸਦੇ ਮਨ ਵਿੱਚ ਦ੍ਰਿੜ ਹੋ ਜਾਵੇ ।

ਸਮੁੱਚੇ ਤੌਰ ਤੇ ਗੁਰੂ-ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਉਸ ਸਮੇਂ ਦੀ ਕਾਵਿ-ਸੰਗੀਤ ਪਰੰਪਰਾ ਗੁਰੂ ਕਵੀਆਂ ਦੀ ਸ਼ਖਸ਼ੀਅਤ, ਸਿੱਖ ਸੰਸਥਾ, ਅਨੁਭਵ, ਰੂਪ-ਵਿਧਾਨ ਅਤੇ ਗੁਰੂ ਆਸ਼ੇ ਦੇ ਅਨੁਕੂਲ ਹੈ । 'ਸੰਗੀਤ', ਅਰਥਾਤ 'ਰਾਗ' ਗੁਰਬਾਣੀ ਦਾ ਇੱਕ ਰਚਨਾ-ਮੂਲਕ ਤੱਤ ਹੈ, ਇਹ ਕੇਵਲ ਮਾਧਿਆਮ ਨਹੀਂ; ਤੇ ਗੁਰੂ-ਕਾਵਿ ਦਾ ਪਾਠਕ/ਸਰੋਤਾ/ਆਲੋਚਕ ਇਸ ਤੱਤ ਨੂੰ ਅਣਡਿੱਠ ਕਰਕੇ ਗੁਰਬਾਣੀ ਨੂੰ ਠੀਕ ਰੂਪ ਵਿੱਚ ਪੜ੍ਹ/ਸੁਣ ਤੇ ਪਰਖ ਨਹੀਂ ਸਕਦਾ । ਦੂਜੇ ਪਾਸੇ ਗੁਰਬਾਣੀ ਦਾ ਪ੍ਰਮਾਣਿਕ ਗਾਇਨ/ਕੀਰਤਨ ਤਾਂ ਹੀ ਸੰਭਵ ਹੈ ਜੇ ਰਾਗ ਵਿੱਦਿਆ ਦਾ ਮਾਹਿਰ ਗੁਰੂ-ਕਾਵਿ ਦੇ ਅਨੁਭਵ, ਇਸ ਕਵਿਤਾ ਦੇ ਰੂਪ ਤੇ ਇਸ ਦੇ ਅਧਿਆਤਮਿਕ ਸਮਾਜਿਕ ਪ੍ਰਯੋਜਨ ਤੋਂ ਸੁਚੇਤ ਰਹੇ ।

* * *

**Ph.D awarded to Jasbir Singh Sarna**

*The well known Punjabi Scholar and historiographer S. Jasbir Singh Sarna was Conferred Doctor of philosophy in literature by The International University of California, USA recently.*

*An alumnus and gold medalist of Khalsa College, Amritsar, S. Sarna has written extensivaly and researched laboraously on the modern Sikh History last years State*

## ਗਿਆਨੀ ਮਹਿੰਦਰ ਸਿੰਘ

# ਭਾਈ ਸਾਹਿਬ ਜੁਆਲਾ ਸਿੰਘ ਜੀ ਰਾਗੀ

ਭਾਈ ਸਾਹਿਬ ਜੁਆਲਾ ਸਿੰਘ ਜੀ ਦੀ ਸਿੱਖ ਕੀਰਤਨੀਆਂ ਵਿਚ ਵਿਸ਼ੇਸ਼ ਪ੍ਰਸਿੱਧੀ ਰਹੀ ਹੈ । ਉਹ ਕੇਵਲ ਉੱਚ ਪਾਏ ਦੇ ਕੀਰਤਨੀਏ ਨਹੀਂ ਸਨ ਸਗੋਂ ਇੱਕ ਦ੍ਰਿੜ ਇਰਾਦੇ ਵਾਲੇ ਸੱਚੇ ਸਿੱਖ ਅਤੇ ਉੱਤਮ ਪ੍ਰਚਾਰਕ ਵੀ ਸਨ । ਸਿੰਘ ਸਭਾ ਲਹਿਰ ਨਾਲ ਜੁੜੇ ਰਹਿਣ ਕਰਕੇ ਉਨ੍ਹਾਂ ਪੰਥ ਦੀ ਵਡਮੁੱਲੀ ਸੇਵਾ ਕੀਤੀ ਸੀ । ਇਹ ਪ੍ਰਵਾਰ ਕਈ ਪੁਸ਼ਤਾਂ ਤੋਂ ਗੁਰਬਾਣੀ ਕੀਰਤਨ ਦੀ ਪ੍ਰੰਪਰਾ ਨਾਲ ਜੁੜਿਆ ਹੋਇਆ ਸੀ । ਇਨ੍ਹਾਂ ਦੇ ਪ੍ਰਵਾਰ ਨਾਲ ਸਾਡੇ ਪ੍ਰਵਾਰ ਦੀ ਗੁਰਸਿੱਖੀ ਦੇ ਨਾਤੇ ਪੁਰਾਣੀ ਸਾਂਝ ਸੀ ।

ਭਾਈ ਸਾਹਿਬ ਦੇ ਪਿਤਾ ਭਾਈ ਦੀਵਾਨ ਸਿੰਘ ਜੀ ਮੇਰੇ ਮਾਨਯੋਗ ਪਿਤਾ ਗਿਆਨੀ ਮੰਗਲ ਸਿੰਘ ਜੀ ਦੇ ਗੂਹੜੇ ਮਿੱਤਰ ਸਨ, ਜਿਸ ਕਾਰਨ ਮੈਨੂੰ ਵੀ ਭਾਈ ਜੁਆਲਾ ਸਿੰਘ ਜੀ ਦਾ ਅਨੰਦਮਈ, ਮਨੋਹਰ ਅਤੇ ਰਸਭਿੰਨਾ ਕੀਰਤਨ ਸੁਣਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ । ਉਸ ਸਮੇਂ ਭਾਵੇਂ ਰਾਗਦਾਰੀ ਦੀ ਸੂਝ ਤਾਂ ਬਹੁਤ ਨਹੀਂ ਸੀ, ਪਰ ਉਹਨੀ ਦਿਨੀਂ ਸਵੇਰੇ ਸ੍ਰੀ ਦਰਬਾਰ ਸਾਹਿਬ ਵਿਖੇ ਭਾਈ ਖੜਕ ਸਿੰਘ ਜੀ ਰਾਗੀ ਵੱਲੋਂ 'ਸ੍ਰੀ ਆਸਾ ਦੀ ਵਾਰ' ਦਾ ਕੀਰਤਨ ਅਤੇ ਸ਼ਾਮ 'ਸੋਦਰ' ਦੀ ਚੌਕੀ ਉਪਰੰਤ ਸ਼ਾਮ-ਕਲਿਆਣ ਦੀ ਚੌਂਕੀ ਸਮੇਂ ਕੀਰਤਨ ਸੁਣਨ ਕਾਰਨ, ਕੀਰਤਨ ਵਿਚ ਦਿਲਚਸਪੀ ਰੱਖਦੇ ਹੋਣ ਕਰਕੇ, ਜਦ ਕਦੇ ਵੀ ਉਨ੍ਹਾਂ (ਭਾਈ ਜੁਆਲਾ ਸਿੰਘ ਜੀ) ਪਾਸੋਂ ਕੋਈ ਸ਼ਬਦ ਸੁਣਨ ਦਾ ਅਵਸਰ ਮਿਲਦਾ ਤਾਂ ਸਰੀਰ ਵਿੱਚ ਇੱਕ ਝਰਨਾਟ ਜਿਹੀ ਖਿਰਕ ਜਾਂਦੀ ।

ਸਾਲ ੧੯੩੫-੩੬ ਵਿੱਚ ਮੇਰੇ ਗੁਰਦੁਆਰਾ ਪ੍ਰਬੰਧਕ ਕਮੇਟੀ, ਲਹੌਰ ਦੇ ਸਕੱਤਰ ਦੀ ਪਦਵੀ ਤੇ ਨਿਯੁਕਤ ਹੋਣ ਉਪਰੰਤ ਆਪ ਪੰਜਵੇਂ ਪਾਤਸ਼ਾਹ, ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਰਬਾਰ ਗੁ: ਸ੍ਰੀ ਡੇਹਰਾ ਸਾਹਿਬ, ਲਾਹੌਰ ਵਿਖੇ ਅਕਸਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨ ਲਈ ਦਰਸ਼ਨ ਦਿੰਦੇ ਰਹੇ । ਭਾਈ ਸਾਹਿਬ ਆਪਣੀ ਫੋਟੋ ਲੁਹਾਉਣ ਦੀ ਆਗਿਆ ਘੱਟ ਹੀ ਦਿੰਦੇ ਸਨ, ਪਰ ਇੱਕ ਸੇਵਕ ਦੀ ਬੇਨਤੀ ਪ੍ਰਵਾਨ ਕਰਕੇ ਗੁ: ਸ੍ਰੀ ਡੇਹਰਾ ਸਾਹਿਬ ਲਾਹੌਰ ਵਿਖੇ ਸਜੇ ਭਰੇ ਦੀਵਾਨ ਵਿੱਚ ਹੋ ਰਹੇ ਕੀਰਤਨ ਸਮੇਂ ਫੋਟੋ ਉਤਾਰਨ ਦੀ ਆਗਿਆ ਦੇ ਦਿੱਤੀ, ਜੋ ਮੈਂ ਅਮੋਲਕ ਯਾਦ ਵਜੋਂ ਆਪਣੇ ਪਾਸ ਰੱਖਦਾ ਰਿਹਾ ਹਾਂ । ਇਹ ਫੋਟੋ ਦੇਸ਼ ਦੀ ਵੰਡ ਉਪਰੰਤ ਭਾਈ ਸਾਹਿਬ ਦੇ ਸਪੁੱਤਰਾਂ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਜੀ ਰਾਗੀ ਨੇ ਮੈਥੋਂ ਪ੍ਰਾਪਤ ਕਰਕੇ ਆਪਣੀ ਪੁਸਤਕ ਵਿੱਚ ਛਪਵਾਈ ਹੈ ਅਤੇ 'ਕੇਂਦਰੀ ਸਿੱਖ ਅਜਾਇਬ ਘਰ' ਸ੍ਰੀ ਅੰਮ੍ਰਿਤਸਰ ਵਿਖੇ ਇਸ ਫੋਟੋ ਦੀ ਵੀ ਇੱਕ ਕਾਪੀ ਲੱਗ ਗਈ ਹੈ ।

ਭਾਈ ਜੁਆਲਾ ਸਿੰਘ ਦਾ ਜਨਮ ਪਿੰਡ ਠੱਟੇ ਟਿੱਬੇ, ਰਿਆਸਤ ਕਪੂਰਥਲਾ ਦੇ ਇੱਕ ਅਜਿਹੇ ਗੁਰੂ

---

### ਜ਼ਰੂਰੀ ਬੇਨਤੀ

*ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ । ਇਹਨਾਂ ਨੂੰ ਰੱਦੀ ਵਿੱਚ ਨਾ ਵੇਚਣਾ/ਸੁੱਟਣਾ ਜੀ ।*

*ਸੰਪਾਦਕ*

ਜਸ ਦੇ ਗਾਇਕ ਕੀਰਤਨੀਏ ਪ੍ਰਵਾਰ ਵਿੱਚ ਹੋਇਆ ਸੀ, ਜਿਸ ਦੇ ਵੱਡ-ਵਡੇਰੇ ਕਲਗੀਧਰ ਸ੍ਰੀ ਦਸਮੇਸ਼ ਦੇ ਚਰਨ ਕੰਵਲਾਂ 'ਚੋਂ ਅੰਮ੍ਰਿਤ ਅਤੇ ਕੀਰਤਨ ਦੀ ਦਾਤ ਨਾਲ ਵਰੋਸਾਏ ਸਨ । ਜਨਮ ਦੀ ਤਾਰੀਖ ਦਾ ਪਤਾ ਨਹੀਂ ਚੱਲ ਸਕਿਆ, ਪਰ ਸਾਲ ੧੮੭੨ ਈ: ਪ੍ਰਵਾਰ ਦੀਆਂ ਯਾਦਾਸ਼ਤਾਂ ਵਿੱਚ ਦਰਜ ਹੈ । ਭਾਈ ਸਾਹਿਬ ਦੇ ਪਿਤਾ ਭਾਈ ਦੀਵਾਨ ਸਿੰਘ ਜੀ ਅਤੇ ਮਾਤਾ ਮਾਈ ਨੰਦ ਕੌਰ ਜੀ ਸਨ । ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ, ਜੋ ਭਾਈ ਜੁਆਲਾ ਸਿੰਘ ਜੀ ਦੇ ਸਪੁੱਤਰ ਹਨ ਅਤੇ ਜੋ ਗੁਰਦੁਆਰਾ ਸੀਸ ਗੰਜ, ਦਿੱਲੀ ਵਿੱਚ ਕੀਰਤਨ ਦੀ ਸੇਵਾ ਕਰਦੇ ਰਹੇ ਹਨ, ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਜੀ, ਤਾਇਆ ਭਾਈ ਨਰੈਣ ਸਿੰਘ ਜੀ, ਦਾਦਾ ਭਾਈ ਟਹਿਲ ਸਿੰਘ ਜੀ ਸਤਿਗੁਰੂ ਦਸਮੇਸ਼ ਜੀ ਤੋਂ ਪ੍ਰਾਪਤ ਹੋਈ ਕੀਰਤਨ ਦੀ ਵਿਰਾਸਤ ਨੂੰ ਆਪਣੇ ਕੇਸਾਂ ਸਵਾਸਾਂ ਨਾਲ ਗੁਰਸਿੱਖੀ ਦੇ ਵਾਂਗ ਹੀ ਨਿਭਾਉਂਦੇ ਆਏ ਹਨ । ਇਹ ਘਰਾਣਾ ਇਲਾਕੇ ਦੇ ਚੰਗੇ ਤੰਤੀ ਸਾਜ਼ਾਂ ਦੁਆਰਾ ਕੀਰਤਨ ਕਰਨ ਵਾਲਾ ਮੰਨਿਆ ਜਾਂਦਾ ਸੀ । ਵਡੇਰੇ ਸਰਿੰਦੇ ਨਾਲ ਗਾਉਂਦੇ ਸਨ । ਭਾਈ ਸਾਹਿਬ ਜੁਆਲਾ ਸਿੰਘ ਜੀ ਆਪ ਵੀ ਤਾਊਸੀਏ ਸਨ ਅਤੇ ਆਮ ਤੌਰ ਤੇ ਤਾਊਸ ਦੀ ਸੰਗਤ ਨਾਲ ਹੀ ਕੀਰਤਨ ਕਰਦੇ ਸਨ ।

ਭਾਈ ਜੁਆਲਾ ਸਿੰਘ ਜੀ ਨੇ ਕੀਰਤਨ ਦੀ ਮੁੱਢਲੀ ਸਿੱਖਿਆ ਆਪਣੇ ਤਾਇਆ ਜੀ ਤੇ ਪਿਤਾ ਜੀ ਤੋਂ ਪ੍ਰਾਪਤ ਕੀਤੀ । ਇਹ ਸਾਰੇ ਭਰਾਵਾਂ ਕੋਲੋਂ ਛੋਟੇ ਹੋਣ ਕਾਰਨ ਬਹੁਤਾ ਸਮਾਂ ਪਿਤਾ ਜੀ ਦੀ ਸਰਪ੍ਰਸਤੀ ਦਾ ਸੁੱਖ ਨਾ ਮਾਣ ਸਕੇ, ਪਰ ਵਿਛੋੜੇ ਤੋਂ ਪਹਿਲਾਂ ਹੀ ਭਾਈ ਦੇਵਾ ਸਿੰਘ ਜੀ ਨੇ ਆਪ ਦੀ ਬਾਂਹ ਆਪਣੇ ਧਰਮ ਮਿਤਰ ਅਤੇ ਪ੍ਰਚੰਡ ਵਿਦਵਾਨ ਭਾਈ ਸ਼ਰਧਾ ਸਿੰਘ ਤਾਊਸੀਏ ਦੇ ਹੱਥ ਦੇ ਦਿੱਤੀ ਸੀ । ਭਾਈ ਸ਼ਰਧਾ ਸਿੰਘ ਸੂਰਮੇ ਸਿੰਘ ਸਨ, ਪਰ ਬਾਣੀ ਅਤੇ ਪੁਰਾਣੇ ਗੁਰਮਤਿ ਢੰਗ ਦੀਆਂ ਰਾਗ ਰੀਤਾਂ ਉਨ੍ਹਾਂ ਨੂੰ ਵਾਹਵਾ ਕੰਠ ਸਨ । ਉਹ ਗਿੜਵੜੀ ਦੇ ਨਿਰਮਲੇ ਸੰਤਾਂ ਦੇ ਡੇਰੇ ਵਿੱਚ ਰਹਿ ਕੇ ਕੀਰਤਨ ਸਿੱਖੇ ਸਨ ਅਤੇ ਦੇਵਾ ਸਿੰਘ ਨਾਲ ਉਨ੍ਹਾਂ ਦਾ ਡੂੰਘਾ ਕਲਾਤਮਿਕ ਸਹਿਯੋਗ ਬਣਿਆ ਰਿਹਾ ਸੀ ਜਿਸ ਕਾਰਨ ਉਹ ਨੌਜੁਆਨ ਜੁਆਲਾ ਸਿੰਘ ਜੀ ਦੀ ਗਾਇਨ ਵਿੱਦਿਆ ਦੀ ਪੂੰਜੀ ਵਿੱਚ ਮੁਨਾਸਿਬ ਵਾਧਾ ਕਰਨ ਵਿੱਚ ਬਹੁਤ ਸਹਾਇਕ ਸਿੱਧ ਹੋਏ । ਆਪਣੀ ਕਲਚਰ ਦੀ ਵਿਰਾਸਤ ਜੁਆਲਾ ਸਿੰਘ ਨਾਲ ਸਾਂਝੀ ਕਰ ਲੈਣ ਪਿੱਛੋਂ ਆਪ ਨੇ ਸ੍ਰੀ ਅੰਮ੍ਰਿਤਸਰ ਦੇ ਹਜ਼ੂਰੀ ਬਾਬਾ ਬਸਾਵਾ ਸਿੰਘ ਜੀ, ਜੋ ਰੰਗੀ ਰਾਮ ਜੀ ਕਰਕੇ ਪ੍ਰਸਿੱਧ ਸਨ, ਦੇ ਚਰਨਾਂ ਵਿੱਚ ਆਪਣੇ ਸ਼ਗਿਰਦ ਜੁਆਲਾ ਸਿੰਘ ਨੂੰ ਅਰਪਨ ਕਰ ਦਿੱਤਾ ।

ਇੱਥੇ ਕਈ ਸਾਲ ਭਾਈ ਬਸਾਵਾ ਸਿੰਘ ਜੀ ਦੇ ਵਿਰਸੇ ਵਿੱਚ ਵਡਮੁੱਲੇ ਰਤਨ ਪ੍ਰਾਪਤ ਕਰਕੇ ਆਪ ਨੇ ਕਲਾ-ਬੋਧ ਦਾ ਸਗਵਾਂ ਵਿਸਤਾਰ ਕੀਤਾ । ਫੇਰ ਜਦੋਂ ਚੋਖੇ ਉਡਾਰੇ ਹੋ ਗਏ ਤਾਂ ਆਪ ਨੇ ਰੋੜੀ ਸੱਖਰ ਦੇ ਪ੍ਰਸਿੱਧ ਗੁਣੀ ਅਤੇ ਗੁਣਪਾਰਖੀ ਬਜ਼ੁਰਗ ਭਾਈ ਊਧੋ ਦਾਸ ਮਸੰਦ ਦੀ ਨਿਗਰਾਨੀ ਵਿੱਚ ਰਹਿ ਕੇ ਕੀਰਤਨ ਦਾ ਅਭਿਆਸ ਕੀਤਾ । ਸਿੰਧ ਦੀਆਂ ਸੰਗਤਾਂ ਦੀ ਪ੍ਰਵਾਨਗੀ ਅਤੇ ਹੱਲਾ-ਸ਼ੇਰੀ ਪ੍ਰਾਪਤ ਕਰਕੇ ਘਰ ਪਰਤੇ ਅਤੇ ਸੁਤੰਤਰ ਜੱਥਾ ਬਣਾ ਕੇ ਕੀਰਤਨ ਕਰਨਾ ਆਰੰਭ ਕੀਤਾ ।

ਉਨ੍ਹਾਂ ਦਿਨਾਂ ਵਿੱਚ ਆਪ ਦੇ ਜੱਥੇ ਵਿੱਚ ਚਾਰ ਤਾਊਸੀਏ ਅਤੇ ਦੋ ਜੋੜੀ ਵਜਾਉਣ ਵਾਲੇ ਸਿੰਘ ਹੁੰਦੇ


**ਗੁਰਮਤਿ ਸੰਗੀਤ ਵਿਸ਼ੇਸ਼ ਅੰਕ**

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਂਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*'ਅੰਮ੍ਰਿਤ ਕੀਰਤਨ' ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

ਸਨ । ਤਾਊਸ ਭਾਈ ਜੁਆਲਾ ਸਿੰਘ ਜੀ, ਉਸਤਾਦ ਸ਼ਰਧਾ ਸਿੰਘ ਜੀ, ਬਾਬਾ ਰਾਮ ਸਿੰਘ ਜੀ ਅਤੇ ਭਾਈ ਹੀਰਾ ਸਿੰਘ ਜੀ ਵਜਾਉਂਦੇ ਸਨ । ਜੋੜੀਆਂ ਦੀ ਸੇਵਾ ਭਾਈ ਹਰਨਾਮ ਸਿੰਘ ਜੀ ਟਿੱਬੇ ਵਾਲੇ ਅਤੇ ਭਾਈ ਟਹਿਲ ਸਿੰਘ ਜੀ ਬਾਣੀਆਂ ਵਾਲੇ ਕੀਤਾ ਕਰਦੇ ਸਨ । ਭਾਈ ਜੁਆਲਾ ਸਿੰਘ ਜੀ ਦਾ ਝੁਕਾਉ ਕੀਰਤਨ ਨੂੰ ਆਪਣੀ ਵਡਿਆਈ ਜਾਂ ਸੰਗਤਾਂ ਦੀ ਪਸੰਦ ਅਤੇ ਪ੍ਰਸੰਸਾ ਤੋਂ ਨਿਖੇੜ ਕੇ ਧਰਮ ਪ੍ਰਚਾਰ ਨਾਲ ਜੋੜਨ ਵੱਲ ਵਧੇਰੇ ਸੀ । ਇਸ ਲਈ ਉਹ ਬਹੁਤਾ ਸਮਾਂ ਸਿੰਘ ਸਭਾ ਦੇ ਸਮਾਗਮਾਂ ਅਤੇ ਪੰਥਕ ਅੰਦੋਲਨਾਂ ਦੇ ਇਕੱਠਾਂ ਵਿਚ ਆਪਣੀ ਗਾਇਨ, ਵਾਕ ਸ਼ਕਤੀ ਅਤੇ ਰਾਗ ਦੀ ਕੀਲਣੀ ਸਮਰਥਾ ਨੂੰ ਲੋਕ ਹਿਤ ਦੀ ਭਾਵਨਾ ਨਾਲ ਵਰਤਣਾ ਚੰਗੇਰਾ ਸਮਝਦੇ ।

ਆਦਰਸ਼ਕ ਲਾਭ ਦੇ ਮੁਕਾਬਲੇ ਤੇ ਆਰਥਿਕ ਲਾਭ ਦੀ ਖਿਚ ਆਪ ਨੂੰ ਵਧੇਰੇ ਨਹੀਂ ਟੁੰਬਦੀ ਸੀ । ਉਹ ਕੀਰਤਨ ਕਰਦੇ ਅਤੇ ਭੇਟਾਂ ਨੂੰ ਆਪਣੀਆਂ ਘੱਟ ਤੋਂ ਘੱਟ ਸੀਮਤ ਲੋੜਾਂ ਤੋਂ ਜ਼ਿਆਦਾ ਨਿੱਜੀ ਵਰਤੋਂ ਵਿਚ ਲਿਆਉਣਾ ਚੰਗਾ ਨਹੀਂ ਸਨ ਸਮਝਦੇ । ਜੇ ਕਦੇ ਕਿਧਰੇ ਕੁਝ ਬਚ ਰਹਿੰਦਾ ਤਾਂ ਉਸ ਨੂੰ ਪੰਥਕ ਕਾਰਜਾਂ ਲਈ ਕਿਸੇ ਨਾ ਕਿਸੇ ਸੰਸਥਾ ਦੇ ਹਵਾਲੇ ਕਰ ਦਿੰਦੇ । ਦਸਵੰਧ ਕੱਢਣ ਅਤੇ ਗੁਰੂ ਦੀ ਗੋਲਕ ਵਿੱਚ ਪਾਉਣ ਦਾ ਕੰਮ ਸਦਾ ਦ੍ਰਿੜ੍ਹਤਾ ਨਾਲ ਕਰਦੇ ਸਨ ।

ਆਪਣੇ ਜੀਵਨ ਕਾਲ ਵਿੱਚ ਸ਼ਾਇਦ ਹੀ ਕੋਈ ਪੰਥਕ ਮੋਰਚਾ, ਸਾਕਾ ਜਾਂ ਕੋਈ ਸਮਾਗਮ ਅਜਿਹਾ ਹੋਵੇਗਾ ਜਿਸ ਵਿਚ ਉਹ ਪੂਰੇ ਜੋਸ਼ ਤੇ ਤਨਦੇਹੀ ਨਾਲ ਔਖੀ ਤੋਂ ਔਖੀ ਘੜੀ ਵਿਚ ਪਿੱਛੇ ਰਹੇ ਹੋਣ ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਪਿੱਛੋਂ ਜਦੋਂ ਸ਼ਹੀਦਾਂ ਦੇ ਅੰਗ ਇਕੱਤਰ ਕਰਕੇ ਅੰਗੀਠਾ ਤਿਆਰ ਕੀਤਾ ਗਿਆ ਤਾਂ ਅੰਗੀਠੇ ਸਮੇਂ ਦਾ ਕੀਰਤਨ ਵੀ ਭਾਈ ਜੁਆਲਾ ਸਿੰਘ ਜੀ ਨੇ ਕੀਤਾ । ਆਪ ਨੇ ਉਸ ਸਮੇਂ "ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ" ਵਾਲਾ ਸ਼ਬਦ ਗਾਇਆ ਸੀ ਅਤੇ ਅਜਿਹੀ ਭਾਵਕਤਾ ਨਾਲ ਗਾਇਆ ਕਿ ਸੰਗਤਾਂ ਦਾ ਵੈਰਾਗ ਠਲ੍ਹਿਆ ਨਹੀਂ ਸੀ ਜਾਂਦਾ । ਇਵੇਂ ੧੨ ਸਤੰਬਰ ਤੋਂ ੧੯ ਸਤੰਬਰ ੧੯੨੨ ਨੂੰ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਵੀ ਆਪ ਨੇ ਸਰਕਾਰ ਦੇ ਜ਼ੁਲਮ ਵਿਰੁੱਧ ਵਿਆਖਿਆ-ਸਹਿਤ ਬੀਰ ਰਸੀ ਸ਼ਬਦਾਂ ਦਾ ਕੀਰਤਨ ਕੀਤਾ । ਆਪ ਨੇ ਜੱਥੇਦਾਰ ਜੀ ਨੂੰ ਜੱਥੇ ਨਾਲ ਭੇਜਣ ਲਈ ਬੇਨਤੀ ਕੀਤੀ । ਜੱਥੇਦਾਰ ਜੀ ਨੇ ਆਗਿਆ ਕੀਤੀ ਕਿ ਆਪ ਇਸੇ ਤਰ੍ਹਾਂ ਕੀਰਤਨ, ਪ੍ਰਚਾਰ ਰਾਹੀਂ ਸਿੰਘਾਂ ਵਿੱਚ ਜੋਸ਼ ਭਰਦੇ ਰਹੋ, ਤੁਹਾਡੀ, ਪੰਥ ਨੂੰ ਇਸੇ ਪ੍ਰਕਾਰ ਦੀ ਸੇਵਾ ਲੋੜੀਂਦੀ ਹੈ । ਆਪ ਨੇ ਆਗਿਆ ਦਾ ਪਾਲਣ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਆ ਕੇ ਜ਼ੁਲਮ ਦੇ ਅੱਖੀ ਵੇਖੇ ਨਜ਼ਾਰੇ ਦੱਸ ਕੇ ਅਤੇ ਇਹੋ ਜਿਹੇ ਬੀਤੇ ਸਮਿਆਂ ਦੇ ਇਤਿਹਾਸ ਆਦਿ ਆਪਣੇ ਕੀਰਤਨ ਵਿਚ ਸਮੋ ਕੇ ਆਪਣਾ ਫਰਜ਼ ਨਿਭਾਇਆ ।

ਜੈਤੋ ਦੇ ਮੋਰਚੇ ਸਮੇਂ ਪੰਥਕ ਆਗੂਆਂ ਨੇ ਇੱਕ ਸਿੰਘ, ਪਿੰਡ ਸੈਦਪੁਰ ਘੱਲਕੇ ਜੱਥੇ ਨਾਲ ਕੀਰਤਨ ਦੀ ਸੇਵਾ ਨਿਭਾਉਣ ਲਈ ਸੱਦਿਆ । ਆਪ ਉਸ ਸਮੇਂ ਸਿੰਧ 'ਚ ਗੁਰਮਤਿ ਦੇ ਪ੍ਰਚਾਰ ਹਿਤ ਗਏ ਹੋਏ ਸਨ । ਪੰਥਕ ਆਗੂਆਂ ਵੱਲੋਂ ਅਖਬਾਰ ਵਿਚ ਸੰਦੇਸ਼ ਛਾਪਿਆ ਕਿ ਜੁਆਲਾ ਸਿੰਘ ਜੀ ਰਾਗੀ ਜਿੱਥੇ ਵੀ ਹੋਣ ਅੰਮ੍ਰਿਤਸਰ ਆ ਜਾਣ । ਰੋੜੀ ਸੱਖਰ ਵਿਚ ਕੁਝ ਦਿਨ ਦਾ ਪ੍ਰੋਗਰਾਮ ਸੀ । ਪਹਿਲੇ ਹੀ ਦਿਨ ਗ੍ਰੰਥੀ ਨੇ ਅਖਬਾਰ ਦੇਖਿਆ ਤਾਂ ਸਾਰੇ ਪ੍ਰੋਗਰਾਮ ਤਿਆਗ ਕੇ ਸ੍ਰੀ ਅਕਾਲ

---

## 'ਅੰਮ੍ਰਿਤ ਕੀਰਤਨ' 25 ਪੈਸੇ ਵਿੱਚ

*ਜੇ ਆਪਣੀ ਆਰਥਿਕ ਤੰਗੀ ਕਾਰਨ ਤੁਸੀਂ ਪੂਰਾ ਚੰਦਾ ਨਹੀਂ ਭੇਜ ਸਕਦੇ ਤਾਂ ਹਰ ਮਹੀਨੇ 10 ਰੁ. ਭੇਜ ਦਿਓ । ਜੇ ਇਹ ਵੀ ਭੇਜਣ ਤੋਂ ਮਜਬੂਰ ਹੋ ਤਾਂ 25 ਪੈਸੇ ਦਾ ਪੋਸਟ ਕਾਰਡ ਭੇਜੋ ਅਸੀਂ, ਤੁਹਾਨੂੰ ਉਸ ਮਹੀਨੇ ਦਾ 'ਅੰਮ੍ਰਿਤ ਕੀਰਤਨ' ਭੇਜ ਦਿਆਂਗੇ ।*

ਤਖ਼ਤ ਸਾਹਿਬ ਆ ਹਾਜ਼ਰ ਹੋਏ । ਜੱਥੇ ਨਾਲ ਸ਼ਾਮਲ ਹੋ ਕੇ ਜੈਤੋਂ ਲਈ ਚਾਲੇ ਪਾ ਦਿੱਤੇ । ਬਰਗਾੜੀ ਪਹੁੰਚ ਕੇ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਮਿਲਿਆ-

"ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥"

ਜੈਤੋਂ ਪਹੁੰਚਣ ਤੇ ਸਰਕਾਰ ਵੱਲੋਂ ਜੱਥੇ ਦਾ ਸਤਿਕਾਰ ਗੋਲੀ ਚਲਾ ਕੇ ਕੀਤਾ ਗਿਆ । ਪਾਲਕੀ ਵਿੱਚ ਮਹਾਰਾਜ ਦੀ ਸਵਾਰੀ ਲਈ ਜਾਂਦੇ ਸਿੰਘਾਂ ਵਿੱਚੋਂ ਇਕ ਸਿੰਘ ਜ਼ਖਮੀ ਵੀ ਹੋਇਆ, ਪਰ ਪਾਲਕੀ ਨਹੀਂ ਰੁਕੀ । ਉਸ ਸਿੰਘ ਨੂੰ, ਜਿਸ ਸਮੇਂ ਗੋਲੀ ਲੱਗੀ ਸੀ, ਉਹ ਸਤਿਗੁਰੂ ਜੀ ਦੀ ਪਾਲਕੀ ਦੀ ਸੇਵਾ ਕਰ ਰਿਹਾ ਸੀ । ਭਾਈ ਸਾਹਿਬ ਦਾ ਭਤੀਜਾ ਸ਼ੇਰ ਸਿੰਘ ਉਸ ਦੇ ਲਾਗੇ ਚਲ ਰਿਹਾ ਸੀ । ਉਸ ਨੇ ਨਿਧੜਕ ਜ਼ਖਮੀ ਹੋਏ ਸਿੰਘ ਦੀ ਥਾਂ ਪਾਲਕੀ ਆਪਣੇ ਮੋਢਿਆਂ ਤੇ ਲੈ ਲਈ । ਭਾਈ ਜੁਆਲਾ ਸਿੰਘ ਜੀ ਇਸੇ ਪਹਿਲੇ ਸ਼ਹੀਦੀ ਜੱਥੇ ਨਾਲ ਹੀ ਕੈਦ ਹੋਏ । ਜੇਲ੍ਹ ਵਿਚ ਪੁਲੀਸ ਦੀ ਸਖ਼ਤੀ ਅਤੇ ਗੰਦੀ ਖ਼ੁਰਾਕ ਕਾਰਨ ਆਪ ਨੂੰ ਦਮੇ ਅਤੇ ਗੰਠੀਏ ਜਿਹੀਆਂ ਜੋੜਾਂ ਦੀਆਂ ਦਰਦਾਂ ਨੇ ਘੇਰ ਲਿਆ । ਇਹ ਤਕਲੀਫਾਂ ਆਪ ਨੂੰ ਸਾਰਾ ਜੀਵਨ ਬਣੀਆਂ ਰਹੀਆਂ । ਉਹਨਾਂ ਕੋਈ ਛੇ ਮਹੀਨੇ ਕੈਦ ਵਿੱਚ ਕੱਟੇ ਸਨ ਤੇ ਤੀਹ ਸਾਲ ਇਸ ਕੈਦ ਦੀਆਂ ਸਖ਼ਤੀਆਂ ਦਾ ਦੁੱਖ ਖਿੜੇ ਮੱਥੇ ਭੋਗਿਆ ।

ਅਨੰਦ ਕਾਰਜ ਦੀ ਰੀਤ ਨਵੀਂ ਚੱਲੀ ਸੀ । ਅਕਸਰ ਕਈ ਥਾਂਵਾਂ ਤੇ ਪੁਰਾਤਨ-ਪੰਥੀ ਫੇਰਿਆਂ ਅਤੇ ਵੇਦੀ ਗੱਡ ਕੇ ਬ੍ਰਾਹਮਣਾਂ ਰਾਹੀਂ ਹਵਨਯੱਗ ਦੁਆਰਾ ਵਿਆਹ ਕਰਨ ਕਰਾਉਣ ਦੇ ਪੱਖਪਾਤੀਆਂ ਨਾਲ ਖਹਿਬੜਾਂ ਵੀ ਹੋ ਜਾਂਦੀਆ ਸਨ । ਭਾਈ ਜੁਆਲਾ ਸਿੰਘ ਜੀ ੧੯੧੨ ਤੋਂ ਹੀ ਅਨੰਦ-ਕਾਰਜਾਂ ਵਾਲੇ ਘਰਾਂ ਵਿੱਚ ਖ਼ਾਸ ਤੌਰ ਤੇ ਆਪਣਾ ਜੱਥਾ ਸੇਵਾ ਭਾਵ ਨਾਲ ਲੈ ਕੇ ਅਪੜਦੇ । ਆਪਣੇ ਕਥਾ-ਕੀਰਤਨ ਅਤੇ ਵਿਖਿਆਨ ਆਦਿ ਵਿੱਚ ਅਨੰਦ ਕਾਰਜ ਦੀ ਉੱਤਮਤਾ ਵੀ ਪ੍ਰਚਾਰਦੇ । ਜਿੱਥੇ ਕਿਧਰੇ ਕੋਈ ਬਹਿਣ ਲਈ ਅੜ ਜਾਂਦਾ, ਆਪ ਉਸ ਦੀ ਬੜੇ ਧੀਰਜ ਨਾਲ ਤਸੱਲੀ ਕਰਾਉਂਦੇ ਤੇ ਲਗਪਗ ਹਰ ਥਾਂ ਜਿੱਤ ਆਪ ਦੀ ਹੀ ਹੁੰਦੀ ਪਰ ਕਿੱਧਰੇ-ਕਿੱਧਰੇ ਗੱਲ ਜਜ਼ਬਾਤੀ ਪੱਧਰ ਤੇ ਉਲਝ ਜਾਂਦੀ । ਵਿਰੋਧੀ ਹੋਛੇ ਹਥਿਆਰਾਂ ਦੀ ਵਰਤੋਂ ਉਤੇ ਉੱਤਰ ਆਉਣ ਤੋਂ ਵੀ ਨਾ ਰੁਕਦੇ । ਅਜਿਹੇ ਮੌਕਿਆਂ ਤੇ ਆਪ ਦਾ ਧੀਰਜ ਅਤੇ ਦਲੀਲ ਦਾ ਹੁਨਰ ਦੇਖਣ ਵਾਲਾ ਹੁੰਦਾ ਸੀ । ਆਪ ਕਦੇ ਵੀ ਨਿਰਾਸ਼ ਹੋ ਕੇ ਮੈਦਾਨ ਛੱਡ ਕੇ ਨਹੀਂ ਪਰਤਦੇ ਸਨ । ਹਰ ਮੁਸ਼ਕਲ ਵਿੱਚ ਖਿੜੇ ਮੱਥੇ ਸਾਬਤ ਕਦਮ ਰਹਿਣਾ ਉਨ੍ਹਾਂ ਦੀ ਆਦਤ ਸੀ ।

ਭਾਈ ਜੁਆਲਾ ਸਿੰਘ ਜੀ ਤੋਂ ਸਫਲ ਅਤੇ ਪੂਰਨ ਸਿੱਖਿਆ ਲੈਣ ਵਾਲੇ ਸ਼ਗਿਰਦਾਂ ਵਿੱਚ ਉਨ੍ਹਾਂ ਦੇ ਸਪੁੱਤਰ ਭਾਈ ਅਵਤਾਰ ਸਿੰਘ ਜੀ ਅਤੇ ਭਾਈ ਗੁਰਚਰਨ ਸਿੰਘ ਜੀ ਮੁੱਖੀ ਹਨ । ਹੋਰ ਪ੍ਰਸਿੱਧ ਸ਼ਗਿਰਦਾਂ ਵਿੱਚ ਭਾਈ ਬਹਿਲ ਸਿੰਘ ਜੀ, ਭਾਈ ਖੜਕ ਸਿੰਘ ਜੀ ਰਾਗੀ ਸ੍ਰੀ ਤਰਨ ਤਾਰਨ ਵਾਲੇ, ਭਾਈ ਜੈਦੇਵ ਸਿੰਘ ਜੀ, ਭਾਈ ਅਰਜਨ ਸਿੰਘ ਜੀ ਤੱਗੜ ਤੇ ਭਾਈ ਭਗਤ ਸਿੰਘ ਜੀ ਜਲੌਸਰ ਵਾਲੇ ਆਦਿ ਸਨ ।

ਅਜਿਹੇ ਦ੍ਰਿੜ ਇਰਾਦੇ ਵਾਲੇ ਕੀਰਤਨ ਦੇ ਮਹਾਨ ਰਸੀਏ ਤੇ ਕੋਮਲ ਭਾਵੀ ਕਲਾਕਾਰ ਅੰਤ ਅੱਸੀ ਸਾਲ ਦੀ ਘਾਲ ਭਰੀ ਪ੍ਰਸੰਸਾ-ਯੋਗ ਉਮਰ ਭੋਗ ਕੇ ਇਹ ਉਦਮੀ ਜਿੰਦੜੀ ੨੯ ਮਈ, ੧੯੫੨ ਨੂੰ ਸ਼ਬਦ ਨਾਲ ਖੇਡਦੀ ਸ਼ਬਦ ਰੂਪ ਹੋ ਗਈ ।

*(ਧੰਨਵਾਦ ਸਹਿਤ ਸਿੱਖ ਫੁਲਵਾੜੀ ਵਿੱਚੋਂ)*


## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।*

*ਇਸ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।*

*ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ*

*ਪ੍ਰਕਾਸ਼ਕ : ਅੰਮ੍ਰਿਤ ਕੀਰਤ ਟ੍ਰਸਟ ਕੀਮਤ : ਸਜਿਲਦ-70 ਰੁ. ਪੇਪਰ ਬੈਕ : 50 ਰੁ.*

*422, ਸੈਕਟਰ 15-ਏ, ਚੰਡੀਗੜ੍ਹ-160 015*

ਇੱਕ ਰਿਪੋਰਟ

# 'ਗੁਰਸਿੱਖੀ ਦੀ ਏਹ ਨਿਸ਼ਾਨੀ' ਸੁਨੇਹਾ ਦੇਣ 'ਚ ਸਫਲ

ਚੰਡੀਗੜ੍ਹ : ਗੁਰਬਾਣੀ ਕੀਰਤਨ 'ਤੇ ਆਧਾਰਤ ਰੌਸ਼ਨੀ ਅਤੇ ਆਵਾਜ਼ ਦਾ ਪ੍ਰੋਗਰਾਮ 'ਗੁਰਸਿੱਖੀ ਦੀ ਏਹ ਨਿਸ਼ਾਨੀ' ਦੋ ਦਿਨ ਲਗਾਤਾਰ ਇੱਥੋਂ ਦੇ ਨਵ-ਸਥਾਪਤ ਸ਼ਾਂਤੀ ਕੁੰਜ ਵਿੱਚ ਐਤਵਾਰ ਤੇ ਸੋਮਵਾਰ ਦੀ ਸ਼ਾਮ ਨੂੰ ਦਰਸ਼ਕਾਂ ਦੇ ਵੱਡੇ ਇਕੱਠ ਸਾਹਮਣੇ ਪੇਸ਼ ਕੀਤਾ ਗਿਆ ਜੋ ਹਰ ਪੱਖੋਂ ਸਫਲ ਕਿਹਾ ਜਾ ਸਕਦਾ ਹੈ ।

ਭਾਵੇਂ ਇਹ ਪੇਸ਼ਕਾਰੀ ਗੈਰ-ਪੇਸ਼ਾਵਰ ਕਹੇ ਜਾਣ ਸਕਣ ਵਾਲੇ ਨਿਰੋਲ ਨਵੇਂ ਕਲਾਕਾਰਾਂ ਵਲੋਂ ਪੇਸ਼ ਕੀਤੀ ਗਈ ਪਰ ਇਸ ਵਿੱਚ ਸ਼ੱਕ ਨਹੀਂ ਕਿ ਇਹ ਆਪਣਾ ਉਹ ਸੁਨੇਹਾ ਦਰਸ਼ਕਾਂ ਤੱਕ ਪਹੁੰਚਾਉਣ ਵਿਚ ਜ਼ਰੂਰ ਸਫਲ ਰਿਹਾ ।

ਪ੍ਰੋਗਰਾਮ ਨਿਰਮਾਤਾ ਨਿਰਦੇਸ਼ਕ ਬ੍ਰਿਗੇਡੀਅਰ ਗੋਬਿੰਦਰ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਦੇਵੀ ਗੋਬਿੰਦਰ ਸਿੰਘ ਨੇ ਪ੍ਰੋਗਰਾਮ ਦੇ ਸ਼ੁਰੂ ਵਿੱਚ ਹੀ ਇਹ ਸਪਸ਼ਟ ਕਰ ਦਿੱਤਾ ਸੀ ਕਿ ਇਹ ਰੌਸ਼ਨੀ ਤੇ ਆਵਾਜ਼ ਦਾ ਪ੍ਰੋਗਰਾਮ ਗੁਰਬਾਣੀ 'ਤੇ ਨਿਰਭਰ ਹੈ ਅਤੇ ਕੀਰਤਨ ਦੇ ਆਧਾਰ 'ਤੇ ਪੇਸ਼ ਕੀਤਾ ਜਾ ਰਿਹਾ ਹੈ ।

ਇੱਕ ਘੰਟੇ ਤੋਂ ਕੁਝ ਵੱਧ ਸਮੇਂ ਚੱਲੇ ਇਸ ਪ੍ਰੋਗਰਾਮ, ਜਿਸ ਨੂੰ ਲੋੜ ਅਨੁਸਾਰ ਚੰਗੇ ਕਲਪਨਾਸ਼ੀਲ ਢੰਗ ਨਾਲ ਦਸ ਵੱਖ ਵੱਖ ਅੰਸ਼ਾਂ ਵਿੱਚ ਸਿਰਜਿਆ ਗਿਆ ਸੀ, ਜਿਸ ਵਿੱਚ ਜਨਮ ਤੋਂ ਲੈ ਕੇ ਮੌਤ ਤੱਕ ਦੇ ਹਰ ਉਸ ਪੜਾਅ ਬਾਰੇ ਰੌਸ਼ਨੀ ਪਾਈ ਗਈ ਹੈ ਜੋ ਇੱਕ ਚੰਗੇ ਗੁਰਸਿੱਖ ਨੂੰ ਸਮੇਂ ਤੇ ਸਮਾਜ ਦੀ ਮਰਿਆਦਾ ਧਰਮ ਮੁਤਾਬਿਕ ਨਿਭਾਉਂਦੇ ਹੋਏ ਆਪਣੇ ਜੀਵਨ ਪੰਧ ਸਮੇਂ ਪਾਰ ਕਰਨੇ ਹੁੰਦੇ ਹਨ ।

'ਦੂਜਾ ਨਾਹੀ ਕੋਇ ਜਿਸ ਆਗੇ ਪਿਆਰ ਜਾਏ ਕਹਾਂ' ਦੇ ਸ਼ਬਦ ਨਾਲ ਜੋ ਭਾਈ ਤਖ਼ਤ ਸਿੰਘ ਦੀ ਆਵਾਜ਼ ਵਿੱਚ ਸੀ, ਆਰੰਭ ਹੋਏ ਇਸ ਪ੍ਰੋਗਰਾਮ ਵਿੱਚ ਦਰਸਾਇਆ ਗਿਆ ਸੀ ਕਿ ਕਿਵੇਂ ਚੰਗੇ ਆਚਰਨ ਵਾਲਾ ਹਰ ਵਿਅਕਤੀ ਆਪਣੇ ਹਰ ਫਰਜ਼ ਨੂੰ ਧਰਮ ਸਮਝਦਾ ਹੋਇਆ ਨਿਭਾਉਂਦਾ ਹੈ ।

'ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ' ਦੇ ਅਸੂਲਾਂ ਨੂੰ ਉਲੀਕਦਾ ਇਹ ਪ੍ਰੋਗਰਾਮ ਇਸ ਗੱਲ ਲਈ ਵੀ ਦਰਸ਼ਕਾਂ ਨੂੰ ਦੇਰ ਤੱਕ ਚੇਤੇ ਰਹੇਗਾ ਕਿਉਂਕਿ ਜ਼ਿੰਦਗੀ ਦੇ ਚੰਗੇ ਸਿਧਾਂਤਾਂ ਦੀ ਸਿੱਖਿਆ ਇਸ ਰਾਹੀਂ ਮਿਲਦੀ ਹੈ ।

ਪ੍ਰੋਗਰਾਮ ਆਯੋਜਕਾਂ ਅਨੁਸਾਰ ਇਹ ਉਨ੍ਹਾਂ ਸਾਰੇ ਰਾਗੀ ਸਿੰਘਾਂ ਨੂੰ ਧੰਨਵਾਦ ਭੇਟਾ ਤੇ ਸ਼ਰਧਾਂਜਲੀ ਸੀ ਜੋ ਜਨਤਾ ਨੂੰ ਕੀਰਤਨ ਦੀਵਾਨਾਂ ਅਤੇ ਗੁਰਸਿੱਖੀ ਦੇ ਪੂਰਨਿਆਂ 'ਤੇ ਚਲਣ ਲਈ ਪ੍ਰੇਰਦੇ ਹਨ । ਇਸ ਵਿੱਚ ਭਾਈ ਤਖਤ ਸਿੰਘ, ਡਾ. ਜਾਗੀਰ ਸਿੰਘ, ਭਾਈ ਨਿਰਮਲ ਸਿੰਘ, ਭਾਈ ਸੰਤਾ ਸਿੰਘ, ਭਾਈ ਬਹਾਦਰ ਸਿੰਘ, ਭਾਈ ਪਿਆਰਾ ਸਿੰਘ, ਭਾਈ ਹਰਬੰਸ ਸਿੰਘ, ਭਾਈ ਸੰਤ ਸਿੰਘ ਅਤੇ ਭਾਈ ਗੋਪਾਲ ਸਿੰਘ ਹੋਰਾਂ ਦੇ ਕੀਰਤਨ ਦਾ ਵੱਖ ਵੱਖ ਥਾਵਾਂ 'ਤੇ ਪ੍ਰਯੋਗ ਕੀਤਾ ਗਿਆ ਹੈ ।

ਮੁੱਖ ਤੌਰ 'ਤੇ ਸਾਬਕਾ ਫੌਜੀਆਂ, ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਅਤੇ ਮਿੱਤਰਾਂ ਨੇ ਆਪਣੇ ਸਾਂਝੇ ਸਹਿਯੋਗ ਨਾਲ ਇਸ ਪ੍ਰੋਗਰਾਮ ਨੂੰ ਤਿਆਰ ਕੀਤਾ ਜਿਸ ਦੀ ਤਿਆਰੀ-ਅਗਵਾਈ ਬ੍ਰਿਗੇਡੀਅਰ ਗੋਬਿੰਦਰ ਸਿੰਘ ਨੇ ਕੀਤੀ । ਇਹ ਪ੍ਰੋਗਰਾਮ ਇੱਕ ਢੰਗ ਨਾਲ ਇੱਕ ਸੁਖਾਵੇਂ ਪਰਿਵਰਤਨ ਵਾਂਗ ਸੀ ।

'ਪੰਜਾਬੀ ਟ੍ਰਿਬਿਊਨ' ਦੇ ਧੰਨਵਾਦ ਸਹਿਤ


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

"ਗੁਰਸਿੱਖ ਸੰਜੋਗ"

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ,
ਨਵੀਂ ਦਿੱਲੀ-110 060 ਫੋਨ : 5735955


**ਜ਼ਰੂਰੀ ਬੇਨਤੀ**

ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜਰੂਰ ਲਿਖਣ ਦੀ ਕਿਰਪਾ ਕੀਤਾ ਕਰਨ ਜੀ ।

ਸੰਪਾਦਕ

ਡਾ. ਮਿਸ ਮਨਵਿੰਦਰ ਕੌਰ
ਪੀ.ਐਚ.ਡੀ. (ਸੰਗੀਤ)

# ਸੰਗੀਤ ਦੀ ਦੁਨੀਆ

ਪੱਛਮੀ ਦੇਸ਼ਾਂ ਵਿਚ ਸਾਹਿਤ, ਕਲਾ, ਸੰਸਕ੍ਰਿਤੀ ਅਤੇ ਸੰਗੀਤ ਆਦਿ ਵਿੱਚ ਸੰਪੂਰਨ ਵਿਕਾਸ ਅਤੇ ਹੋਰ ਸੁਧਾਰ ਦੀ ਦ੍ਰਿਸ਼ਟੀ ਦੇ ਨਾਲ ਅੱਜ-ਕਲ੍ਹ ਇੱਕ ਨਵੀਂ ਪ੍ਰਣਾਲੀ ਚਾਲੂ ਹੋਈ ਹੈ ਜਿਸ ਦਾ ਨਾਮ ਕੰਜ਼ਰਵੇਟੋਇਰ ਹੈ। ਇਨ੍ਹਾਂ ਦੇਸ਼ਾਂ ਵਿਚ ਇਹ ਕੰਜ਼ਵੇਟਰੀਆਂ ਸਰਕਾਰੀ ਤੌਰ 'ਤੇ ਖੋਲ੍ਹੀਆਂ ਗਈਆ ਹਨ। ਕੰਜ਼ਰਵੇਟੋਇਰ ਤੋਂ ਭਾਵ ਹੈ 'ਪੁਰਾਣਪੰਥੀ ਤੱਤਾਂ ਅਨੁਸਾਰ ਆਧੁਨਿਕ ਰੂਪ ਪ੍ਰਦਾਨ ਕਰਨਾ।' ਵਿਦੇਸ਼ੀ ਸਰਕਾਰਾਂ ਇਹ ਚਾਹੁੰਦੀਆਂ ਹਨ ਕਿ ਸੰਸਾਰ ਦੀ ਪੁਰਾਣੀ ਕਲਾ, ਸੰਸਕ੍ਰਿਤੀ ਅਤੇ ਸੰਗੀਤ ਨੂੰ ਆਧੁਨਿਕਤਾ ਵਿੱਚ ਢਾਲ ਕੇ ਅਜਿਹੇ ਢੰਗ ਨਾਲ ਆਪਣੇ ਬੱਚਿਆਂ ਨੂੰ ਸਿੱਖਿਆ ਦਿੱਤੀ ਜਾਵੇ ਕਿ ਉਨ੍ਹਾਂ ਕਲਾਵਾਂ ਦਾ ਉਹੀ ਸਰੂਪ ਆਧੁਨਿਕ ਹੋ ਕੇ ਫਿਰ ਤੋਂ ਕਾਇਮ ਹੋ ਜਾਏ ਅਤੇ ਭਵਿੱਖ ਲਈ ਉਹ ਕਾਇਮ ਵੀ ਰਹੇ।

ਵਿਦੇਸ਼ੀ ਲੋਕ ਆਪਣੇ ਬੱਚਿਆਂ ਦੇ ਭਵਿੱਖ ਪ੍ਰਤੀ ਵਿਸ਼ੇਸ਼ ਧਿਆਨ ਦਿੰਦੇ ਹਨ। ਰੂਸ, ਅਮਰੀਕਾ, ਜਰਮਨ ਅਤੇ ਇੰਗਲੈਂਡ ਆਦਿ ਜਿਹੇ ਵਿਕਸਿਤ ਦੇਸ਼ ਆਪਣੀ ਆਉਣ ਵਾਲੀ ਨਸਲ ਦੇ ਵਿੱਦਿਆਰਥੀਆਂ ਦੀ ਵਿੱਦਿਆ ਪ੍ਰਤੀ ਨਿੱਤ ਨਵੀਆਂ ਤਕਨੀਕੀ ਵਿਧੀਆਂ ਅਪਨਾਉਂਦੇ ਰਹਿੰਦੇ ਹਨ। ਵਿਦੇਸ਼ੀ ਲੋਕ ਆਪਣੀ ਆਉਣ ਵਾਲੀ ਪੀੜ੍ਹੀ ਉਪਰ ਬੜਾ ਮਾਣ ਕਰਦੇ ਹਨ। ਉਹ ਚਾਹੁੰਦੇ ਹਨ ਕਿ ਸਾਡੀ ਆਉਣ ਵਾਲੀ ਨਸਲ ਨੂੰ ਹਰ ਸੰਭਵ ਤਰੀਕੇ ਨਾਲ ਸਰਬਉਤਮ ਵਿੱਦਿਆ ਪ੍ਰਾਪਤ ਹੋਵੇ। ਅੱਜ-ਕਲ੍ਹ ਪੱਛਮੀ ਦੇਸ਼ਾਂ ਵਿੱਚ ਸੰਗੀਤ, ਵਿਗਿਆਨ, ਗਣਿਤ ਅਤੇ ਵਿਦੇਸ਼ੀ ਭਾਸ਼ਾਵਾਂ ਉਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ, ਤਾਂ ਕਿ ਉਥੋਂ ਦੇ ਵਿੱਦਿਆਰਥੀ ਦੂਸਰੇ ਦੇਸ਼ਾਂ ਦੀ ਸੰਸਕ੍ਰਿਤੀ, ਕਲਾ, ਵਿਗਿਆਨ ਤੇ ਭਾਸ਼ਾਵਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੋ ਜਾਣ। ਅਜਿਹੇ ਉਦੇਸ਼ਾਂ ਨੂੰ ਮੁੱਖ ਰੱਖ ਕੇ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਨੇ ਇਸ ਨਵੀਂ ਵਿੱਦਿਅਕ ਪ੍ਰਣਾਲੀ ਦਾ ਆਰੰਭ ਕੀਤਾ ਹੈ, ਜਿਸ ਦਾ ਨਾਮ ਕੰਜ਼ਰਵੇਟੋਇਰ ਹੈ।

ਸੰਨ 1989 ਵਿਚ ਜਦ ਮੈਂ ਸੰਗੀਤ ਦੇ ਵਿਸ਼ੇ ਵਿੱਚ ਆਪਣਾ ਪੀ.ਐਚ.ਡੀ. ਥੀਸਿਸ ਲਿਖਣਾ ਆਰੰਭ ਕੀਤਾ ਤਾਂ ਭਾਰਤੀ ਸੰਗੀਤ ਦੇ ਨਾਲ, ਵਿਦੇਸ਼ੀ ਕਲਾ ਅਤੇ ਸੰਗੀਤ ਵਿੱਚ ਵੀ ਮੇਰੀ ਦਿਲਚਸਪੀ ਵਧਦੀ ਚਲੀ ਗਈ। ਪੱਛਮੀ ਸੰਗੀਤ ਕਲਾ ਅਤੇ ਸੰਸਕ੍ਰਿਤੀ ਵਿੱਚ ਮੇਰੀ ਦਿਲਚਸਪੀ ਉਦੋਂ ਸ਼ੁਰੂ ਹੋਈ ਜਦ ਸੰਨ 1983 ਵਿੱਚ ਮੈਨੂੰ ਆਪਣੇ ਸੰਗੀਤ ਗੁਰੂ, ਸਵ: ਡਾ. ਵਿਨੈ ਚੰਦਰ ਮੋਦਗਿੱਲ ਜੀ ਨਾਲ, (ਜੋ ਗੰਧਰਵ ਮਹਾਂਵਿਦਿਆਲਾ ਦਿੱਲੀ ਦੇ ਪ੍ਰਿੰਸੀਪਲ ਸਨ) ਉਨ੍ਹਾਂ ਦੁਆਰਾ ਤਿਆਰ ਕੀਤੀ ਵਰਿੰਦ ਕੁਆਇਰ ਮੰਡਲੀ ਦੇ ਨਾਲ ਹੰਗਰੀ ਅਤੇ ਪੋਲੈਂਡ ਜਾਣ ਦਾ ਅਵਸਰ ਪ੍ਰਾਪਤ ਹੋਇਆ। ਇਸ ਸਮੇਂ ਮੇਰੇ ਗੁਰੂ ਵਿਨੇ ਚੰਦਰ ਮੋਦਗਿੱਲ ਜੀ ਆਪਣੀ ਕੁਆਇਰ ਮੰਡਲੀ ਨਾਲ ਉਥੋਂ ਦੇ ਕੁਆਇਰ ਫੈਸਟੀਵਲ ਵਿਚ ਭਾਗ ਲੈਣ ਲਈ ਮੈਨੂੰ ਲੈ ਕੇ

## ਅਨਮੋਲ ਬਚਨ

*ਜੇਕਰ ਤੁਸੀਂ ਆਪਣੀ ਸਿਆਣਪ ਜਤਾਉਣ ਲਈ ਕਿਸੇ ਸਿਆਣੇ ਅੱਗੇ ਜ਼ਿਆਦਾ ਗੱਲਾਂ ਕਰੋਗੇ ਤਾਂ ਤੁਹਾਡੀ ਮੂਰਖਤਾ ਪ੍ਰਗਟ ਹੋਵੇਗੀ*

*-ਸ਼ੇਖ ਸਾਅਦੀ*

ਗਏ । ਉਦੋਂ ਮੈਨੂੰ ਵਿਦੇਸ਼ਾਂ ਦੀਆਂ ਕਲਚਰਲ ਗਤੀਵਿਧੀਆਂ ਅਤੇ ਉਥੋਂ ਦੀ ਸੰਗੀਤਕ, ਕਲਾਤਮਿਕ ਤੇ ਵਿੱਦਿਅਕ ਪ੍ਰਣਾਲੀ ਨੇ ਬਹੁਤ ਪ੍ਰਭਾਵਿਤ ਕੀਤਾ । ਉਸ ਸਮੇਂ ਦਾ ਉਹ ਨਜ਼ਾਰਾ ਮੈਨੂੰ ਕਦੇ ਵੀ ਨਹੀਂ ਭੁੱਲਦਾ, ਜਦੋਂ ਪੱਛਮੀ ਯੁਵਕ-ਯੁੱਵਤੀਆਂ ਨੇ ਤਿੰਨ-ਤਿੰਨ ਰੰਗੀਲੀਆਂ ਪੁਸ਼ਾਕਾਂ ਵਿੱਚ ਮਿਲ ਕੇ ਵਿਸ਼ਵ ਪ੍ਰੇਮ ਦੇ ਗੀਤ ਗਾਏ ਸਨ। ਉਸ ਫੈਸਟੀਵਲ ਵਿੱਚ ਸਾਡੀ ਭਾਰਤੀ ਸੰਗੀਤ ਮੰਡਲੀ ਨੇ ਵੀ ਚੰਗੀ ਪ੍ਰਸਿੱਧੀ ਹਾਸਲ ਕੀਤੀ ਸੀ । ਇਸ ਤਰ੍ਹਾਂ ਪੱਛਮੀ ਦੇਸ਼ਾਂ ਦੀਆਂ ਸੰਗੀਤਕ ਕਲਾਤਮਿਕ ਅਤੇ ਕਲਚਰਲ ਗਤੀਵਿਧੀਆਂ ਜਾਣਨ ਦੀ ਜਗਿਆਸਾ ਮੇਰੇ ਮਨ ਵਿੱਚ ਵਧਦੀ ਚਲੀ ਗਈ ।

ਸੰਨ 1989 ਵਿੱਚ ਜਦੋਂ ਮੈਂ ਆਪਣਾ ਖੋਜ ਨਿਬਧ ਲਿਖਣਾ ਆਰੰਭ ਕੀਤਾ ਤਾਂ ਉਸ ਵਿੱਚ ਵੀ ਮੈਂ ਆਪਣੇ ਇਨ੍ਹਾਂ ਅਨੁਭਵਾਂ ਨੂੰ ਦਰਸਾਉਣ ਦਾ ਯਤਨ ਕੀਤਾ । ਇਸ ਤਰ੍ਹਾਂ ਮੈਂ ਪੱਛਮੀ ਦੇਸ਼ਾਂ ਦੀਆਂ ਸੰਗੀਤਕ ਤੇ ਵਿੱਦਿਅਕ ਗਤੀਵਿਧੀਆਂ ਨਾਲ ਕਈ ਸਾਲ ਜੁੜੀ ਰਹੀ ਅਤੇ ਬਹੁਤ ਸਾਰੇ ਪੱਛਮੀ ਦੇਸ਼ਾਂ ਦੀਆਂ ਕੰਜ਼ਰਵੇਟਰੀਆਂ ਤੋਂ ਪਾਠਕ੍ਰਮ ਮੰਗਵਾਏ, ਪੁਸਤਕਾਂ ਮੰਗਵਾਈਆਂ । ਇਸ ਤੋਂ ਇਲਾਵਾ ਇਸ ਖੇਤਰ ਦੀ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨ ਵਿਚ ਮੇਰੀ ਸਹਾਇਤਾ ਮੇਰੇ ਸੰਗੀਤ ਗੁਰੂ ਪੰ: ਵਿਨੈ ਚੰਦਰ ਮੋਦਗਿੱਲ ਹੁਰਾਂ ਨੇ ਹੀ ਕੀਤੀ । ਕਿਉਂਕਿ ਉਹ ਭਾਰਤੀ ਸੰਸਦ ਪ੍ਰੀਸ਼ਦ ਦੇ ਮੈਂਬਰ ਸਨ ਇਸ ਲਈ ਕਲਚਰਲ ਸਬੰਧ ਸਥਾਪਤੀ ਦੇ ਨਜ਼ਰੀਏ ਨਾਲ ਉਹ ਤਿੰਨ ਦੇਸ਼ਾਂ ਵਿੱਚ ਭੇਜੇ ਜਾਂਦੇ ਸਨ । ਵਿਦੇਸ਼ਾਂ ਦੀਆਂ ਨਿੱਤ ਨਵੀਆਂ ਸੰਗੀਤਕ ਅਤੇ ਸੰਸਕ੍ਰਿਤਕ ਗਤੀਵਿਧੀਆਂ ਦਾ ਦਿੱਲੀ ਸਥਿੱਤ ਆਪਣੇ ਵਿੱਦਿਆਲੇ ਵਿਚ ਉਪਯੋਗ ਕਰਨਾ ਉਨ੍ਹਾਂ ਦਾ ਕਰਤਵ ਸੀ ।

ਹੁਣ ਮੈਂ ਮੁੱਖ ਰੂਪ ਵਿਚ ਉਸ ਵਿਸ਼ੇ ਬਾਰੇ ਸੰਖੇਪ ਰੂਪ ਵਿਚ ਦੱਸਣਾ ਚਾਹੁੰਦੀ ਹਾਂ ਜਿਸ ਬਾਰੇ ਮੈਂ ਇਹ ਲੇਖ ਲਿਖ ਰਹੀ ਹਾਂ, ਉਹ ਹੈ ਪੱਛਮੀ ਕੰਜ਼ਰਵੇਟੋਇਰ ਪ੍ਰਣਾਲੀ ਦੀਆਂ ਗਤੀਵਿਧੀਆਂ ।

ਇਨ੍ਹਾਂ ਕੰਜ਼ਰਵੇਟਰੀਆਂ ਵਿਚ ਪ੍ਰਵੇਸ਼ ਲੈਣ ਵਾਲੇ ਵਿੱਦਿਆਰਥੀਆਂ ਦੀ ਬਕਾਇਦਾ ਉਨ੍ਹਾਂ ਦੇ ਵਿਸ਼ੇ ਮੁਤਾਬਿਕ, ਕਈ ਤਰ੍ਹਾਂ ਦੀ ਜਾਂਚ ਕੀਤੀ ਜਾਂਦੀ ਹੈ । ਸੰਗੀਤ ਵਿਸ਼ੇ ਦੇ ਵਿੱਦਿਆਰਥੀਆਂ ਦੀ ਚੰਗੀ ਯਾਦਦਾਸ਼ਤ ਤੇ ਸੁਣਨ ਸ਼ਕਤੀ ਅਤੇ ਚੰਗੀ ਰੁਚੀ ਆਦਿ ਚੀਜ਼ਾਂ ਦੇਖੀਆਂ ਜਾਂਦੀਆਂ ਹਨ । ਇਸ ਤੋਂ ਇਲਾਵਾ ਇਨ੍ਹਾਂ ਕੰਜ਼ਰਵੇਟਰੀਆਂ ਨਾਲ ਸੰਬੰਧਿਤ ਸੰਗੀਤ ਸਕੂਲਾਂ ਵਿੱਚ ਹੀ ਪੜ੍ਹੇ ਹੋਏ ਵਿੱਦਿਆਰਥੀਆਂ ਨੂੰ ਅੱਗੋਂ ਉਚ ਦਰਜੇ ਦੀਆਂ ਕੰਜ਼ਰਵੇਟਰੀਆ ਵਿੱਚ ਪ੍ਰਵੇਸ਼ ਦਿੱਤਾ ਜਾਂਦਾ ਹੈ । ਇਥੋਂ ਦੇ ਹਰ ਸੰਗੀਤ ਅਧਿਆਪਕ ਕੋਲ ਵਿੱਦਿਆਰਥੀਆਂ ਦੀ ਸੰਖਿਆ ਘੱਟ ਰੱਖੀ ਜਾਂਦੀ ਹੈ, ਤਾਂ ਕਿ ਗੁਰੂ ਵਿੱਦਿਆਰਥੀਆਂ ਵੱਲ ਪੂਰਨ ਧਿਆਨ ਦੇ ਸਕੇ ।

ਹੁਣ ਮੈਂ ਨੀਂਦਰਲੈਂਡ ਦੀ ਇੱਕ ਅਜਿਹੀ ਕੰਜ਼ਰਵੇਟਰੀ ਦਾ ਵਰਨਣ ਕਰਦੀ ਹਾਂ, ਜਿੱਥੇ ਭਾਰਤੀ ਸੰਗੀਤ ਦੀਆ ਵੀ ਤਿੰਨ-ਤਿੰਨ ਸ਼ੈਲੀਆਂ ਦੀ ਸਿੱਖਿਆ ਉਥੋਂ ਦੇ ਵਿਦਿਆਰਥੀਆਂ ਨੂੰ ਸੌਗਾਤ ਵਜੋਂ ਦਿੱਤੀ ਜਾਂਦੀ ਹੈ, ਜਿਵੇਂ ਖਿਆਲ ਗਾਇਕੀ, ਧਰੁਪਦ ਗਾਇਕੀ, ਤਬਲਾ, ਸਿਤਾਰ, ਗਿਟਾਰ, ਬੰਸਰੀ ਆਦਿ ਦੇ ਨਾਲ-ਨਾਲ ਭਾਰਤੀ ਸੰਗੀਤ ਸ਼ਾਸਤਰ ਦਾ ਗਿਆਨ ਵੀ ਕਰਾਇਆ ਜਾਂਦਾ ਹੈ । ਨੀਦਰਲੈਂਡ ਦੀ ਇਸ ਕੰਜ਼ਰਵੇਟਰੀ ਦਾ ਨਾਮ 'ਰੋਟਰਡੈਮ ਕੰਜ਼ਰਵੇਟਰੀ ਹੈ ।' ਸੰਨ 1992 ਵਿਚ ਸ੍ਰੀ ਜੋਹਨ ਫਲੋਰ ਇਸ ਸੰਸਥਾ ਦੇ ਡਾਇਰੈਕਟਰ ਸਨ ।

---

**ਅਨਮੋਲ ਬਚਨ**

*ਸੰਕਟ ਤੇ ਮੁਸ਼ਕਲਾਂ ਜ਼ਿੰਦਗੀ ਦੀਆਂ ਉਸਤਾਦ ਹਨ, ਇਹਨਾਂ ਬਿਨਾ ਤੁਸੀਂ ਕੁਝ ਵੀ ਠੀਕ ਤਰ੍ਹਾਂ ਨਹੀਂ ਸਿਖ ਸਕਦੇ ।*

-ਬਰਕ

**ਅਨਮੋਲ ਬਚਨ**

*ਲੱਖਪਤੀ ਹੋਣ ਨਾਲੋਂ ਮੈਨੂੰ ਮੁਸਕ੍ਰਾਉਂਦੇ ਰਹਿਣਾ ਜ਼ਿਆਦਾ ਕੀਮਤੀ ਜਾਪਦਾ ਹੈ ।*

-ਹਿਊਮ

ਇਸ ਸੰਸਥਾ ਦੀਆਂ ਮੁੱਖ ਤਿੰਨ ਸ਼ਾਖਾਵਾਂ ਹਨ ।

1. ਰੋਟਰਡੈਮ ਕੰਜ਼ਰਵੇਟਰੀ, 2. ਰੋਟਰਡੈਮ ਅਕਾਡਮੀ ਆਫ ਡਾਂਸ ਅਤੇ 3. ਰੋਟਰਡੈਮ ਸਕੂਲ ਫਾਰ ਸੰਗੀਤ ਤੇ ਨ੍ਰਿਤ । ਇਨ੍ਹਾਂ ਤਿੰਨਾਂ ਸੰਸਥਾਵਾਂ ਵਿੱਚ ਹਜ਼ਾਰਾਂ ਦੀ ਤਦਾਦ ਵਿਚ ਬੱਚੇ ਪੜ੍ਹਦੇ ਹਨ । ਪਿਛਲੇ 8-10 ਸਾਲਾਂ ਵਿੱਚ ਹੀ ਇਹ ਕੰਜ਼ਰਵੇਟੋਇਰ ਪ੍ਰਣਾਲੀ ਪ੍ਰਫੁਲਿਤ ਹੋਈ ਹੈ । ਰੋਟਰਡੈਮ ਕੰਜ਼ਰਵੇਟਰੀ ਵਿੱਚ ਅਜਿਹਾ ਉਚੱ ਪੱਧਰ ਦਾ ਪੁਸਤਕਾਲਾ ਹੈ, ਜਿੱਥੇ ਭਾਰਤੀ ਸੰਗੀਤ ਸ਼ਾਸਤਰ ਨਾਲ ਸੰਬੰਧਿਤ ਉਚੇ ਮਿਆਰ ਦੀਆਂ ਪੁਸਤਕਾਂ ਵੀ ਪ੍ਰਾਪਤ ਹਨ । ਇੱਥੇ ਇੱਕ ਵਧੀਆ ਪ੍ਰਯੋਗਸ਼ਾਲਾ ਹੈ । ਇਸ ਵਿਚ ਹਰ ਸਾਲ ਪੱਛਮੀ ਅਤੇ ਭਾਰਤੀ ਸੰਗੀਤ ਦੀਆਂ ਤਿੰਨ-ਤਿੰਨ ਸ਼ੈਲੀਆ ਨਾਲ ਸੰਬੰਧਿਤ ਉਚੱ ਸਤਰ ਦੇ ਕਲਾਕਾਰ ਮੰਗਵਾ ਕੇ ਉਨ੍ਹਾਂ ਦੇ ਪ੍ਰੋਗਰਾਮ ਆਯੋਜਿਤ ਕਰਵਾਏ ਜਾਂਦੇ ਹਨ । ਸੰਨ 1989 ਵਿਚ ਇੱਥੋਂ ਦੀ ਪ੍ਰਯੋਗਸ਼ਾਲਾ ਵਿੱਚ ਭਾਰਤੀ ਸੰਗੀਤ ਦੇ ਵਿਕਾਸ ਲਈ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਨਾਲ ਸੰਬੰਧਿਤ ਬਹੁਤ ਸਾਰੇ ਉਚੇ ਦਰਜੇ ਦੇ ਕਲਾਕਾਰ ਮੰਗਵਾਏ ਗਏ ਜਿਵੇਂ :-

ਭਾਰਤੀ ਸੰਗੀਤ ਦੇ ਮਹਾਨ ਸਰੋਦਵਾਦਕ ਅਲੀ ਅਕਬਰ ਖਾਨ, ਇਨ੍ਹਾਂ ਦਾ ਇੱਕ ਵਧੀਆ ਸੰਗੀਤ ਵਿੱਦਿਆਲਾ ਕੈਲੀਫੋਰਨੀਆ ਵਿਚ ਹੈ । ਦਿੱਲੀ ਘਰਾਣੇ ਦੁਆਰਾ ਸਿੱਖਿਆ ਪ੍ਰਾਪਤ ਮਹਾਨ ਤਬਲਾਵਾਦਕ ਲਤੀਫ ਅਹਿਮਦ ਇੱਕ ਉਚੱ ਦਰਜੇ ਦੇ ਧਰੁਪਦ, ਕਲਾਕਾਰ ਮਹੀਉਦੀਨ ਡਾਗੁਰ । ਇਸੇ ਪ੍ਰੋਗਰਾਮ ਦੇ ਅੰਤਰਗਤ ਮੇਰੇ ਗੁਰੂ ਸਵ: ਪੰ: ਵਿਨੈ ਚੰਦਰ ਮੋਦਗਿਲ ਹੁਰੀਂ ਵੀ, ਉਥੋਂ ਦੇ ਵਿਦਿਆਰਥੀਆਂ ਨੂੰ ਭਾਰਤੀ ਖ਼ਿਆਲ ਗਾਇਕੀ ਅਤੇ ਭਾਰਤੀ ਕਲਾਸਕੀਕਲ ਸੰਗੀਤ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਨ ਲਈ ਬੁਲਾਏ ਗਏ ਸਨ ।

ਰੋਟਰਡੈਮ ਕੰਜ਼ਰਵੇਟਰੀ, ਨੀਂਦਰਲੈਂਡ ਦੀ ਇਸ ਉਚੱ ਦਰਜੇ ਦੀ ਕੰਜ਼ਰਵੇਟੋਇਰ ਹੈ । ਇੱਥੇ ਪੱਛਮੀ ਸੰਗੀਤ ਦੇ ਨਾਲ-ਨਾਲ ਬਕਾਇਦਾ ਭਾਰਤੀ ਸ਼ਾਸਤਰੀ ਸੰਗੀਤ ਦੀਆਂ ਤਿੰਨ-ਤਿੰਨ ਸ਼ੈਲੀਆ ਦੀ ਸਿੱਖਿਆ ਨੂੰ ਵੀ ਪਾਠਕ੍ਰਮਾਂ ਵਿਚ ਸ਼ਾਮਿਲ ਕੀਤਾ ਹੋਇਆ ਹੈ । ਇੱਥੇ ਪੱਛਮੀ ਸਾਜ਼ ਅਤੇ ਪੌਪ ਸੰਗੀਤ ਦੇ ਨਾਲ ਭਾਰਤੀ ਸੰਗੀਤ ਦੇ ਵੀ ਭਿੰਨ-ਭਿੰਨ ਪ੍ਰੋਫੈਸਨਲ ਕਲਾਕਾਰ ਤਿਆਰ ਕੀਤੇ ਜਾਂਦੇ ਹਨ । ਇਹ ਸਿੱਖਿਆ ਲਗਾਤਾਰ 5-6 ਸਾਲ ਦਿੱਤੀ ਜਾਂਦੀ ਹੈ । ਲਗਪਗ ਹਰ ਸਾਲ ਹੀ ਤਿੰਨ ਦੇਸ਼ਾਂ ਵਿੱਚੋਂ ਭਾਰਤੀ ਸੰਗੀਤ ਦੇ ਕਲਾਕਾਰ ਮੰਗਵਾ ਕੇ ਉਨ੍ਹਾਂ ਦੇ ਵਿਚਾਰ ਇਕੱਤਰ ਕੀਤੇ ਜਾਂਦੇ ਹਨ ।

ਇਸ ਪ੍ਰਕਾਰ ਪੱਛਮੀ ਦੇਸ਼ਾਂ ਵਿੱਚ ਸੰਗੀਤ ਦੇ ਸਰਬ-ਉਚੱ ਵਿਕਾਸ ਲਈ ਇਹ ਕੰਜ਼ਰਵੇਟੋਇਰ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ । ਅੱਜ-ਕਲ੍ਹ ਪੱਛਮੀ ਦੇਸ਼ਾਂ ਦੀਆਂ ਕੰਜ਼ਰਵੇਟਰੀਆਂ ਵਿੱਚੋਂ ਨੀਂਦਰਲੈਂਡ ਦੀ ਰੋਟਰਡੈਮ ਕੰਜ਼ਰਵੇਟਰੀ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ, ਜਿਸ ਦੀਆਂ ਗਤੀਵਿਧੀਆਂ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ।

ਪੱਛਮੀ ਦੇਸ਼ਾਂ ਵਾਂਗ ਭਾਰਤ ਵਿੱਚ ਵੀ ਅਜਿਹੇ ਪ੍ਰਯਤਨ ਕੀਤੇ ਜਾ ਸਕਦੇ ਹਨ । ਪਰ ਸਭ ਤੋਂ ਪਹਿਲਾਂ ਸਿਰਫ ਸੰਗੀਤ ਨਾਲ ਸੰਬੰਧਿਤ ਸੰਸਥਾਵਾਂ ਹੀ ਇਸ ਖੇਤਰ ਵਿਚ ਕਦਮ ਚੁੱਕ ਸਕਦੀਆਂ ਹਨ ।

---

**ਅਨਮੋਲ ਬਚਨ**

*ਦੂਸਰਿਆਂ ਦੀਆਂ ਸਿਫਤਾਂ ਤੇ ਆਪਣੇ ਔਗੁਣਾ ਦਾ ਸਦਾ ਧਿਆਨ ਰੱਖੋ ।*

-ਗੋਖਲੇ

**ਅਨਮੋਲ ਬਚਨ**

*ਦੋਸਤ ਦਾ ਮਿਲਣ ਸਮੇਂ ਆਦਰ, ਪਿੱਠ ਪਿੱਛੇ ਪ੍ਰਸੰਸਾ ਤੇ ਲੋੜ ਸਮੇਂ ਸਹਾਇਤਾ ਕਰੋ ।*

-ਅਰਸਤੂ

# ਪਰਮਜੀਤ ਸਿੰਘ

# 'ਸੋਲੋ ਤਬਲਾ ਵਾਦਨ'

ਭਾਰਤੀ ਸੰਗੀਤ ਵਿੱਚ ਸੰਗੀਤ ਘਰਾਣਿਆਂ ਦਾ ਵਿਸ਼ੇਸ਼ ਸਥਾਨ ਤੇ ਯੋਗਦਾਨ ਰਿਹਾ ਹੈ । ਇਸ ਪ੍ਰੰਪਰਾਗਤ ਪ੍ਰਣਾਲੀ ਰਾਹੀਂ ਸੰਗੀਤ ਪੀੜੀ-ਦਰ-ਪੀੜੀ ਚਲਦਿਆਂ ਅਜੋਕੇ ਸਮੇਂ ਤੱਕ ਪੁੱਜਾ ਹੈ । ਗਾਇਨ ਤੋਂ ਇਲਾਵਾ ਤਬਲਾ ਘਰਾਣਿਆਂ ਨੇ ਵੀ ਇੱਕ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਹੈ । ਤਬਲੇ ਦੇ ਚਰਚਿਤ ਘਰਾਣਿਆਂ ਜਿਵੇਂ, ਦਿੱਲੀ, ਅਜਰਾੜਾ, ਲਖਨਊ, ਫਰੁਖਾਬਾਦ, ਬਨਾਰਸ ਤੇ ਪੰਜਾਬ ਆਪੋ ਆਪਣੀ ਵਾਦਨ ਸ਼ੈਲੀ ਕਰਕੇ ਮਹੱਤਵਪੂਰਨ ਹਨ । ਇਨ੍ਹਾਂ ਵਿੱਚੋਂ ਪੰਜਾਬ ਘਰਾਣਾ ਪਖਾਵਜ ਸ਼ੈਲੀ ਦੇ ਉਤ-ਪ੍ਰੋਤ ਹੋਣ ਕਰਕੇ ਇੱਕ ਵੱਖਰੀ ਹੋਂਦ ਰੱਖਦਾ ਹੈ । ਪੰਜਾਬ ਘਰਾਣੇ ਦੇ ਪਰਵਰਤਕ ਬਾਬਾ ਕਾਦਿਰ ਬਖਸ਼ ਪਖਾਵਜੀ ਤੋਂ ਚਲ ਕੇ ਇਸ ਸ਼ੈਲੀ ਨੇ ਫਕੀਰ ਬਖਸ਼ ਤੇ ਮੀਆਂ ਕਾਦਿਰ ਬਖਸ਼ ਦੇ ਅਟੁੱਟ ਯਤਨਾਂ ਸਦਕਾ ਤੇ ਅਜੋਕੇ ਸਮੇਂ ਦੇ ਉਸਤਾਦ ਅੱਲਾ ਰੱਖਾ ਖਾਂ ਦੀ ਘਾਲਣਾ ਦੁਆਰਾ ਸੰਸਾਰ ਪੱਧਰ ਤੇ ਇਸ ਘਰਾਣੇ ਦੀ ਧਾਂਕ ਜਮਾਈ ਹੈ ਜਿੱਥੇ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਨੇ ਜ਼ਾਕਿਰ ਹੁਸੈਨ ਤੇ ਫਜ਼ਲ ਕਰੈਸ਼ੀ ਵਰਗੇ ਉੱਚ ਕੋਟੀ ਦੇ ਕਲਾਕਾਰ ਤਿਆਰ ਕੀਤੇ ਹਨ ਉਥੇ ਉਸਤਾਦ ਅੱਲਾ ਰੱਖਾ ਦੇ ਗੁਰ ਭਾਈ ਉਸਤਾਦ ਲਛਮਣ ਸਿੰਘ ਸੀਨ ਸਾਹਿਬ ਨੇ ਅਣਥੱਕ ਘਾਲਣਾ ਸਦਕਾ, ਕਾਲੇ ਰਾਮ, ਪਵਨ ਕੁਮਾਰ, ਕਿੰਨਰ ਸੀਨ ਤੇ ਮੰਨੂ ਸੀਨ ਵਰਗੇ ਉੱਚਕੋਟੀ ਦੇ ਕਲਾਕਾਰ ਪੰਜਾਬ ਦੀ ਝੋਲੀ ਪਾਏ ਹਨ ।

ਪਿੱਛਲੇ ਦਿਨੀਂ ਪੰਜਾਬ ਸੰਗੀਤ ਨਾਟਕ ਅਕਾਦਮੀਂ ਚੰਡੀਗੜ੍ਹ ਵਲੋਂ ਹਫਤਾਵਾਰੀ ਪ੍ਰੋਗਰਾਮਾਂ ਦੀ ਲੜੀ ਵਿੱਚ ਇਸੇ ਹੀ ਘਰਾਣੇ ਦੇ ਉਭਰਦੇ ਕਲਾਕਾਰ ਹਰਭਜਨ ਸਿੰਘ ਧਾਰੀਵਾਲ ਦਾ ਸੋਲੋ ਤਬਲਾ ਵਾਦਨ, ਕਲਾ ਭਵਨ ਚੰਡੀਗੜ੍ਹ ਦੇ ਵੇਹੜੇ 'ਚ ਅਯੋਜਿਤ ਕੀਤਾ ਗਿਆ । ਇਸ ਕਲਾਕਾਰ ਨੂੰ ਉਸਤਾਦ ਲਛਮਣ ਸਿੰਘ ਸੀਨ ਦੀ ਸਰਪ੍ਰਸਤੀ ਵਿੱਚ ਗੁਰੂ ਸ਼ਿਸ਼ ਪ੍ਰੰਪਰਾ ਤਹਿਤ ਵਿੱਧੀ-ਬੱਧ ਸਿਖਲਾਈ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੈ । ਹਰਭਜਨ ਸਿੰਘ ਧਾਰੀਵਾਲ ਨੇ ਇਸ ਸਾਸ਼ਤਰੀ ਸੰਗੀਤ ਦੀ ਸ਼ਾਮ ਵਿੱਚ ਆੜਾ ਚਾਰ ਤਾਲ ਪੇਸ਼ ਕਰਦਿਆ ਆਪਣੇ ਘਰਾਣੇ ਦੀ ਵਿਸ਼ੇਸ਼ ਪਹਿਚਾਨ ਕਰਵਾਈ । ਵਾਦਨ ਨੂੰ ਇੱਕ ਖੂਬਸੂਰਤ ਆੜ ਲੈਅ ਦੀ ਉਠਾਨ ਨਾਲ ਸ਼ੁਰੂ ਕਰਦਿਆ ਆੜਾ ਚਾਰ ਤਾਲ ਦੇ ਠੇਕੇ ਦਾ ਸਰੂਪ ਦਿਖਾਉਂਦਿਆ, ਪੇਸ਼ਕਾਰ ਦੁਆਰਾ ਵਾਦਨ ਦੀ ਭੂਮਿਕਾ ਨੂੰ ਬੰਨਿਆ ਗਿਆ । ਪੇਸ਼ਕਾਰ ਨੂੰ ਵਿਭਿੰਨ ਲੈਅਕਾਰੀਆਂ ਤੇ ਬੋਲਾਂ ਨਾਲ ਸ਼ਿੰਗਾਰਨ ਤੋਂ ਬਾਅਦ ਕਲਾਕਾਰ ਵੱਲੋਂ ਦੋ ਕਾਇਦੇ ਪੇਸ਼ ਕੀਤੇ ਗਏ ਜਿਨ੍ਹਾਂ 'ਚ ਪਹਿਲਾ ਕਾਇਦਾ ਆੜ ਲੈਅ ਵਿੱਚ ਲੈਅ-ਬੱਧ ਤੇ ਦੂਜਾ ਕਾਇਦਾ ਤਿਰਕਿਟ ਦਾ ਸੀ । ਕਾਇਦਿਆਂ ਦੇ ਵਿਸਥਾਰ ਦੀ ਪੇਸ਼ਕਾਰੀ ਤੋਂ ਬਾਅਦ ਕਲਾਕਾਰ ਵਲੋਂ ਮੁਖੜੇ, ਟੁਕੜੇ, ਪਰਨਾਂ, ਚਕਰਦਾਰ ਪਰਨਾਂ, ਛੰਦ ਤੇ ਫਰਦ ਆਦਿ ਬੰਦਿਸ਼ਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ 'ਚ ਕੁਝ ਚਕਰਦਾਰਾਂ ਦੀ ਪੜੰਤ ਵੀ ਕੀਤੀ ਗਈ, ਜਿਨ੍ਹਾਂ ਦੀ ਪੇਸ਼ਕਾਰੀ ਉਸਤਾਦ ਲਛਮਣ ਸਿੰਘ ਸੀਨ ਵਲੋਂ ਦਿੱਤੀ ਤਾਲੀਮ ਦਾ ਪ੍ਰਤੱਖ ਨਮੂੰਨਾ ਸੀ ।

ਇਸੇ ਹੀ ਪ੍ਰੋਗਰਾਮ ਦੌਰਾਨ ਇੱਕ ਹੋਰ ਉਭਰਦੇ ਸਰੰਗੀ ਵਾਦਕ ਸ੍ਰੀ ਵਿਨੋਦ ਪਵਾਰ ਜੋ ਉਸਤਾਦ ਸੁਲਤਾਨ ਖਾਂ ਪ੍ਰਸਿੱਧ ਸਰੰਗੀਵਾਦਕ ਦੇ ਸਾਗਿਰਦ ਹਨ, ਨੇ ਪ੍ਰੋਗਰਾਮ ਦੀ ਸ਼ੁਰੂਆਤ ਰਾਗ ਯਮਨ-ਕਲਿਆਣ ਦੀ ਪੇਸ਼ਕਾਰੀ ਰਾਹੀ ਖੂਬਸੂਰਤੀ ਨਾਲ ਪੇਸ਼ ਕੀਤੀ, ਜਿਨ੍ਹਾਂ ਨਾਲ ਤਬਲੇ ਤੇ ਸੰਗਤ ਸ੍ਰੀ ਨਵੀਨ ਸੰਧੂ ਨੇ ਕੀਤੀ । ਹਰਭਜਨ ਸਿੰਘ ਧਾਰੀਵਾਲ ਦੇ ਸੋਲੋ ਤਬਲਾ ਵਾਦਨ ਦੌਰਾਨ ਸ੍ਰੀ ਵਿਨੋਦ ਪਵਾਰ ਵੱਲੋਂ ਸਰੰਗੀ ਤੇ ਨਗਮੇਂ ਦਾ ਸਾਥ ਦਿੱਤਾ । ਇਹ ਪੰਜਾਬ ਸੰਗੀਤ ਨਾਟਕ ਅਕਾਦਮੀਂ ਚੰਡੀਗੜ੍ਹ ਵੱਲੋਂ ਉਭਰਦੇ ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਸਲਾਘਾਯੋਗ ਉਪਰਾਲਾ ਸੀ ।


**The Sikh Courier**

88 Mollison Way, Edgware Middlesex
(Greator London) U.K.

**The Sikh Review**

116 Karnani Mansion
25-A, Park Steet, Calcutta 700016

ਕੈਸਟ ਸਮੀਖਿਆ

## ਹਰਚਰਨ ਸਿੰਘ, ਕਲਕਤਾ

# ਬਾਰਨੈ ਬਲਿਹਾਰਨੈ

ਭਾਈ ਹਰਜਿੰਦਰ ਸਿੰਘ ਜੀ (ਸ੍ਰੀ ਨਗਰ) ਵਾਲਿਆਂ ਦਾ ਨਾਂ ਸਿੱਖ ਜਗਤ ਵਿੱਚ ਉੱਤਮ ਕੀਰਤਨੀਆਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ। ਆਪ ਜੀ ਦੇ ਕੀਰਤਨ ਦੀਆਂ ਕੈਸਟਾਂ ਘਰ ਘਰ ਵਿੱਚ ਹੀ ਨਹੀਂ ਮਾਰੂਤੀ ਕਾਰਾਂ ਵਿੱਚ ਵੀ ਸੁਣੀਆਂ ਜਾ ਸਕਦੀਆਂ ਹਨ ਅਤੇ ਹਰ ਥੋੜੇ ਸਮੇਂ ਮਗਰੋਂ ਆਪ ਜੀ ਦੀ ਨਵੀਂ ਕੈਸਟ ਕਿਸੇ ਨਾ ਕਿਸੇ ਕੰਪਨੀ ਦੁਆਰਾ ਰਿਲੀਜ਼ ਕੀਤੀ ਜਾਂਦੀ ਹੈ।

ਹਥਲੀ ਕੈਸਟ ਦਿੱਲੀ ਦੀ ਮਸ਼ਹੂਰ ਕੈਸਟ ਕੰਪਨੀ 'ਟੀ-ਸਿਰੀਜ਼' ਵੱਲੋਂ ਕੁਝ ਸਮਾਂ ਪਹਿਲਾਂ ਰਿਲੀਜ਼ ਕੀਤੀ ਗਈ ਹੈ। ਇਸ ਕੈਸਟ ਦੀ ਸਮੀਖਿਆ ਲਿਖਣ ਦਾ ਮੁੱਖ ਮੰਤਵ ਇਹ ਹੈ ਕਿ ਕੈਸਟ ਦੇ ਕਵਰ ਉੱਪਰ ਭਾਈ ਸਾਹਿਬ ਜੀ ਦੀ ਤਸਵੀਰ ਦੇ ਨਾਲ ਵੱਡੇ ਵੱਡੇ ਅੱਖਰਾਂ ਵਿੱਚ ਲਿਖਿਆ ਗਿਆ ਹੈ "ਵਾਰਨੈ ਬਲਿਹਾਰਨੈ" ਜਦ ਕਿ ਇਸ ਸ਼ਬਦ ਦੀ ਪ੍ਰਥਮ ਪੰਕਤੀ ਦਾ ਸਹੀ ਉਚਾਰਣ ਹੈ- "ਬਾਰਨੈ ਬਲਿਹਾਰਨੈ ਲਖ ਬਰੀਆ"। ਇਹ ਇੱਕ ਬਹੁਤ ਹੀ ਵੱਡੀ ਭੁੱਲ ਹੈ ਜਿਸ ਨੂੰ ਠੀਕ ਕਰਨ ਲਈ ਭਾਈ ਸਾਹਿਬ ਨੂੰ ਟੀ-ਸਿਰੀਜ਼ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿੱਚ ਇਸ ਕੈਸਟ ਦੇ ਸੰਸਕਰਣਾਂ ਵਿੱਚ ਇਸ ਗਲਤੀ ਦਾ ਸੁਧਾਰ ਕੀਤਾ ਜਾ ਸਕੇ।

ਇਸ ਕੈਸਟ ਦੀ ਏ-ਸਾਈਡ ਦਾ ਆਰੰਭ ਆਪ ਜੀ ਪਹਿਲੀ ਪਉੜੀ ਦੇ ਪਾਠ ਨਾਲ ਆਰੰਭ ਕਰਦੇ ਹਨ ਅਤੇ ਨਾਲ ਹੀ ਕੈਸਟ ਵਿੱਚ ਗਾਏ ਗਏ ਸ਼ਬਦਾਂ ਸਬੰਧੀ ਟੂਕ ਮਾਤਰ ਵਿਆਖਿਆ ਵੀ। ਇਸ ਕੈਸਟ ਦਾ ਪਹਿਲਾ ਸ਼ਬਦ ਹੈ "ਹਰਿ ਰਾਮ ਨਾਮੁ ਜਪਿ ਲਾਹਾ ॥ ਗਤਿ ਪਾਵਹਿ ਸੁਖ ਸਹਜ, ਅਨੰਦਾ ਕਾਟੇ ਜਮ ਕੇ ਫਾਹਾ ॥" ਇਹ ਸ਼ਬਦ 'ਦੇਵਗੰਧਾਰੀ 5' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 530 ਉੱਪਰ ਅੰਕਿਤ ਹੈ। ਕਹਿਰਵਾ ਤਾਲ ਵਿੱਚ ਨਿਬਧ ਇਸ ਸ਼ਬਦ ਨੂੰ ਆਪ ਜੀ ਨੇ ਸੁੰਦਰ ਢੰਗ ਨਾਲ ਗਾਇਨ ਕੀਤਾ ਹੈ।

ਇਸ ਸਾਈਡ ਦਾ ਦੂਜਾ ਸ਼ਬਦ 'ਵਡਹੰਸ ਮਹਲਾ 5' ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 563 ਉੱਪਰ ਅੰਕਿਤ ਹੈ ਅਤੇ ਬੋਲ ਹਨ-" ਵਿਸਰੁ ਨਾਹੀ-ਪ੍ਰਭ ਦੀਨ ਦਇਆਲਾ ॥ ਤੇਰੀ ਸਰਣਿ ਪੂਰਨ ਕਿਰਪਾਲਾ ॥" ਕਹਿਰਵੇ ਤਾਲ ਵਿੱਚ ਗਾਇਨ ਕੀਤੇ ਗਏ ਇਸ ਸ਼ਬਦ ਵਿੱਚ ਵੀ ਆਪ ਜੀ ਨੇ ਰਹਾਉ ਦੀ ਪੰਕਤੀ ਨੂੰ ਅਸਥਾਈ ਵਜੋਂ ਪ੍ਰਯੋਗ ਕੀਤਾ ਹੈ। ਸ਼ਬਦ ਦੀ ਰੀਤ ਸਾਧਾਰਣ ਹੈ।

ਏ- ਸਾਈਡ ਦਾ ਤੀਜਾ ਸ਼ਬਦ ਹੈ- "ਬਾਰਨੈ ਬਲਿਹਾਰਨੈ ਲਖ ਬਰੀਆ ॥ ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ ॥" ਜੋ ਕਿ ਰਹਾਉ ਦੀ ਤੁਕ ਹੈ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਜੀ ਦੇ


ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ

*(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)*

*ਗਿਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ - ਫੋਨ : 855741, 855730*

*ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ। ਲੋੜਬੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :*

*ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947*

ਪੰਨਾ 211 ਉੱਪਰ 'ਗਉੜੀ ਮਹਲਾ 5' ਅਧੀਨ ਅੰਕਿਤ ਹੈ । ਕਹਿਰਵਾ ਤਾਲ ਵਿੱਚ ਨਿਬਧ ਇਸ ਸ਼ਬਦ ਨੂੰ ਆਪ ਜੀ ਨੇ ਅਤਿ ਸੁੰਦਰ ਢੰਗ ਨਾਲ ਗਾਇਨ ਕੀਤਾ ਹੈ । ਭਾਈ ਸਾਹਿਬ ਦੀ ਇਹ ਸਿਫਤ ਹੈ ਕਿ ਆਪ ਜੀ ਆਪਣੀ ਹਰ ਕੈਸਟ ਵਿੱਚ ਇੱਕ ਦੋ ਅਪ੍ਰਚਲਿਤ ਸ਼ਬਦਾਂ ਦਾ ਗਾਇਨ ਅਵਸ਼ ਕਰਦੇ ਹਨ । ਇਸ ਸ਼ਬਦ ਦੀ ਅਸਥਾਈ ਵਿੱਚ ਆਪ ਜੀ 'ਨਾਮੋ ਹੋ' ਦਾ ਬਹੁਤ ਵਧੀਆ ਢੰਗ ਨਾਲ ਗਾਇਨ ਕਰਦੇ ਹਨ ।

ਬੀ-ਸਾਈਡ ਦਾ ਪਹਿਲਾ ਸ਼ਬਦ ਹੈ- "ਲਾਜ ਮਰੈ ਜੋ ਨਾਮੁ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ ॥" ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1149 ਉੱਪਰ 'ਭੈਰਉ ਮਹਲਾ 5' ਅਧੀਨ ਅੰਕਿਤ ਹੈ ਅਤੇ ਇਸ ਸ਼ਬਦ ਦੀ ਰਹਾਉ ਦੀ ਪੰਕਤੀ ਹੈ- "ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥ ਜਨਮ ਜਨਮ ਕੀ ਮੈਲੁ ਉਤਾਰੈ, ਬੰਧਨ ਕਾਟਿ ਹਰਿ ਸੰਗਿ ਮਿਲਾਇ ॥" ਕਹਿਰਵੇ ਤਾਲ ਵਿੱਚ ਹੀ ਨਿਬਧ ਇਸ ਸ਼ਬਦ ਦੀ ਰੀਤ ਸਾਧਾਰਨ ਹੈ ।

ਇਸ ਸਾਈਡ ਦਾ ਦੂਸਰਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਗਉੜੀ ਕਬੀਰ ਜੀ' ਅਧੀਨ ਪੰਨਾ 328 ਉੱਪਰ ਅੰਕਿਤ ਹੈ ਅਤੇ ਬੋਲ ਹਨ- "ਜੋ ਜਨ ਲੇਹਿ ਖਸਮ ਕਾ ਨਾਉ ॥ ਤਿਨ ਕੈ ਸਦ ਬਲਿਹਾਰੈ ਜਾਉ ॥" ਰਹਾਉ ਦੀ ਪੰਕਤੀ ਹੈ- "ਸੋ ਨਿਰਮਲੁ ਨਿਰਮਲ ਹਰਿਗੁਨ ਗਾਵੈ ॥ ਸੋ ਭਾਈ ਮੇਰੈ ਮਨਿ ਭਾਵੈ ॥" ਕਹਿਰਵੇ ਤਾਲ ਵਿੱਚ ਹੀ ਨਿਬਧ ਇਸ ਸ਼ਬਦ ਦੀ ਰੀਤ ਵਿੱਚ ਵੀ ਕੋਈ ਖ਼ਾਸ ਕਸ਼ਿਸ਼ ਨਹੀਂ ਹੈ ।

ਬੀ-ਸਾਈਡ ਦੇ ਤੀਜੇ ਅਤੇ ਇਸ ਕੈਸਟ ਦੇ ਅੰਤਲੇ ਸ਼ਬਦ ਦੇ ਬੋਲ ਹਨ- "ਭਾਈ ਰੇ ਰਾਮੁ ਕਰਹੁ ਚਿਤੁ ਲਾਇ ॥ ਹਰਿ ਜਸੁ ਵਖਰੁ ਲੈ ਚਲਹੁ, ਸਹੁ ਦੇਖੈ ਪਤੀਆਇ ॥" ਇਹ ਰਹਾਉ ਦੀ ਪੰਕਤੀ ਹੈ । ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 22-23 ਉੱਪਰ 'ਸਿਰੀ ਰਾਗੁ ਮਹਲਾ 1' ਅਧੀਨ ਅੰਕਿਤ ਹੈ । ਕਹਿਰਵੇ ਤਾਲ ਵਿੱਚ ਨਿਬੰਧ ਇਸ ਸ਼ਬਦ ਨੂੰ ਆਪ ਜੀ ਨੇ ਬੜੇ ਸੁੰਦਰ ਢੰਗ ਨਾਲ ਗਾਇਨ ਕੀਤਾ ਹੈ । ਵਿਸ਼ੇਸ਼ ਕਰ ਕੇ ਅੰਤਰੇ ਦੇ ਦੂਜੇ ਭਾਗ ਦਾ ਗਾਇਨ ਮਨ ਨੂੰ ਬਹੁਤ ਭਾਉਂਦਾ ਹੈ । ਸ਼ਬਦ ਕਾਫੀ ਲੰਮਾ ਹੈ ।

ਸਮੁੱਚੇ ਤੌਰ ਤੇ ਕੈਸਟ ਵਧੀਆ ਬਣ ਆਈ ਹੈ ਅਤੇ ਤਬਲੇ ਦੀ ਸੰਗਤ ਕਾਬਿਲੇਤਾਰੀਫ ਹੈ ।


**ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ' ਤੋਹਫੇ ਵਜੋਂ ਭੇਟ ਕਰੋ !**

ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫ਼ਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁੱਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫ਼ਾ ਭੇਟ ਕਰੋ ।

'ਅੰਮ੍ਰਿਤ ਕੀਰਤਨ' ਟ੍ਰਸਟ, 422,
ਸੈਕਟਰ 15-ਏ ਚੰਡੀਗੜ੍ਹ ।


ਆਪਣੇ ਪਿਆਰਿਆ ਸੰਗ ਯਾਤਰਾ ਕਰਨੀ ਤੁਰਦਾ-ਫਿਰਦਾ ਘਰ ਸਿਰਜਣਾ ਹੀ ਹੁੰਦਾ ਹੈ ।

ਇਹ ਮਨ ਇੱਕ ਜਾਦੂਗਰ ਹੈ ਜਿਧਰ ਲਾ ਲਵੋ ਓਧਰ ਹੀ ਕਮਾਲ ਕਰ ਦਿੰਦਾ ਹੈ ।

-ਲਾਲ ਸਿੰਘ ਕਮਲਾ ਅਕਾਲੀ

## ਸ੍ਰ. ਮਨਮੋਹਨ ਸਿੰਘ

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

### ਆਸਾਵਰੀ ਮਹਲਾ ੪

ਮਾਈ ਮੇਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨਾ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥੧॥ਰਹਾਉ॥ ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ ॥ ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥ ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ ॥ ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨੁ ਨਿਮਖ ਦਿਖਾਈ ॥੨॥੩੯॥੧੩॥੧੫॥੬੭॥

ਅਰਥ : ਮਾਤਾ ਹੇ ਮੇਰੀ ਮਾਤਾ ! ਮੈਨੂੰ ਮੇਰੇ ਪਿਆਰੇ ਸੁਆਮੀ ਦੀ ਗੱਲਬਾਤ ਦੱਸ ।

ਵਾਹਿਗੁਰੂ ਦੇ ਬਗੈਰ ਮੈਂ ਇੱਕ ਮੁਹਤ ਤੇ ਲਮ੍ਹਾਂ ਭਰ ਲਈ ਭੀ ਰਹਿ ਨਹੀਂ ਸਕਦੀ, ਕਿਉਂਕਿ ਮੈਂ ਉਸ ਨੂੰ ਉਸੇ ਤਰ੍ਹਾਂ ਪਿਆਰ ਕਰਦੀ ਹਾਂ, ਜਿਸ ਤਰ੍ਹਾਂ ਊਠ ਇੱਕ ਵੇਲ ਨੂੰ ਕਰਦਾ ਹੈ । ਠਹਿਰਾਉ ।

ਵਾਹਿਗੁਰੂ ਮਿਤ੍ਰ ਦੇ ਦੀਦਾਰ ਦੀ ਖ਼ਾਤਰ ਮੇਰੀ ਆਤਮਾ ਉਦਾਸ ਅਤੇ ਅਤੀਤ ਹੋ ਗਈ ਹੈ ।

ਜਿਸ ਤਰ੍ਹਾਂ ਭੌਰਾ ਕੰਵਲ ਦੇ ਬਾਝੋਂ ਰਹਿ ਨਹੀਂ ਸਕਦਾ, ਇਸੇ ਤਰ੍ਹਾਂ ਹੀ ਹਰੀ ਦੇ ਬਗੈਰ ਮੈਂ ਰਹਿ ਨਹੀਂ ਸਕਦਾ ।

ਮੈਨੂੰ ਆਪਣੀ ਪਨਾਹ ਹੇਠਾਂ ਰੱਖ, ਹੇ ਪ੍ਰੀਤਮ ਆਲਮ ਦੇ ਮਾਲਕ ਅਤੇ ਮੇਰਾ ਸਿਦਕ ਪੂਰਾ ਕਰ, ਹੇ ਸ੍ਰਿਸਟੀ ਦੇ ਸੁਆਮੀ ਵਾਹਿਗੁਰੂ !

ਗੋਲੇ ਨਾਨਕ ਦਾ ਚਿੱਤ, ਖ਼ੁਸ਼ੀ ਨਾਲ ਪਰੀਪੂਰਨ ਹੋ ਜਾਂਦਾ ਹੈ, ਜਦ ਉਹ ਵਾਹਿਗੁਰੂ ਦਾ ਦੀਦਾਰ ਇੱਕ ਮਹਤ ਭਰ ਲਈ ਭੀ ਵੇਖ ਲੈਂਦਾ ਹੈ ।

### ਆਸਾ ਰਵਿਦਾਸ ਜੀਉ

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥ ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥ ਮਾਧਉ ਸਤ ਸੰਗਤਿ ਸਰਨਿ ਤੁਮਾਰੀ ॥ ਹਮ ਅਉਗਨ ਤੁਮ ਉਪਕਾਰੀ ॥੧॥ਰਹਾਉ॥ ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥ ਸਤ ਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥ ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥ ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥

ਅਰਥ : ਤੂੰ ਚੰਨਣ ਹੈ ਅਤੇ ਮੈਂ ਗਰੀਬ ਰਿੰਡ ਹਾਂ ਮੈਂ ਤੇਰੇ ਲਾਗੇ ਵਸਦਾ ਹਾਂ ।

ਇੱਕ ਅਧਮ ਬਿਰਛ ਤੋਂ ਮੈਂ ਸ੍ਰੇਸਟ ਹੋ ਗਿਆ ਹਾਂ, ਤੇਰੀ ਮਹਿਕ ਮਹਾਨ ਮਹਿਕ, ਹੁਣ ਮੇਰੇ ਅੰਦਰ ਵਸਦੀ ਹੈ ।

ਹੇ ਧਨ-ਦੌਲਤ ਦੇ ਸੁਆਮੀ ! ਮੈਂ ਤੇਰੀ ਸਾਧ ਸੰਗਤ ਦੀ ਪਨਾਹ ਲਈ ਹੈ । ਮੈਂ ਗੁਣ ਵਿਹੂਣ ਹਾਂ ਅਤੇ ਤੂੰ ਉਦਾਰ ਚਿੱਤ ਹੈਂ । ਠਹਿਰਾਉ ।

ਤੂੰ ਚਿੱਟਾ ਅਤੇ ਪੀਲਾ ਰੇਸਮ ਦਾ ਧਾਗਾ ਹੈਂ ਅਤੇ ਮੈਂ ਵਿਚਾਰੇ ਕੀੜੇ ਵਾਙੂ ਹਾਂ ।

ਹੇ ਸਾਹਿਬ ! ਮੈਂ ਸਾਧ ਸੰਗਤ ਨਾਲ ਐਸ ਤਰ੍ਹਾਂ ਰਮ ਰਿਹਾ ਹਾਂ ਜਿਸ ਤਰ੍ਹਾਂ ਮੱਖੀ ਮਖਿਆਲ ਨਾਲ ।

ਮੇਰੀ ਜਾਤ ਨੀਵੀਂ ਹੈ, ਮੇਰੀ ਵੰਸ਼ ਨੀਵੀਂ ਹੈ ਅਤੇ ਨੀਵੀਂ ਹੈ ਮੇਰੀ ਪੈਦਾਇਸ਼ ।

ਮੈਂ ਪ੍ਰਭੂ ਪਾਤਸ਼ਾਹ ਦੀ ਚਾਕਰੀ ਨਹੀਂ ਕਮਾਈ । ਰਵਿਦਾਸ ਚਮਿਆਰ ਆਖਦਾ ਹੈ ।

# ਰਾਗ ਆਸਾਵਰੀ

*ਪ੍ਰਿੰ: ਦਿਆਲ ਸਿੰਘ*

ਵਾਦੀ = ਧੁ    ਠਾਠ = ਆਸਾਵਰੀ    ਵਿਸ਼ੇਸ਼ : ਗੁ ਧੁ ਨੁ ਕੋਮਲ ਲਗਦੇ ਹਨ ॥
ਸੰਵਾਦੀ = ਗੁ    ਜਾਤਿ = ਓਡਵ-ਸੰਪੂਰਣ    ਸਮਾਂ = ਸੂਰਜ ਉਦਯ ਹੋਣ ਤੋਂ ਪਿਛੋਂ ॥

ਆਰੋਹ = ਸ, ਰ ਮ ਪ ਧੁ, ਸੰ    ਅਵਰੋਹ = ਸੰ ਨੁ ਧੁ, ਪ, ਧੁਮ ਪ, ਗੁ (ਮ), ਰ, ਸ
ਪਕੜ = ਸ, ਰ ਮ ਪ, ਨੁ ਧੁ, ਨੁਧੁ, ਪ, ਮ ਪ ਧੁ ਗੁ, ਰ, ਸ

*ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥*
*ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥੧॥ਰਹਾਉ॥*
*ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ ॥*
*ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥*
*ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ ॥*
*ਜਨ ਨਾਨਕ ਕੈ ਮਨਿ ਅਨੰਦੁ ਹੋਤ ਹੈ ਹਰਿ ਦਰਸਨੁ ਨਿਮਖ ਦਿਖਾਈ ॥੨॥*
*(ਆਸਾਵਰੀ ਮਹਲਾ ੪, ਪੰਨਾ ੩੬੯)*

ਤਿੰਨਤਾਲ

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ੩ | | | | x | | | | ੨ | | | | 0 | | | |
| | | | | ਨੁ | | | | | | | | ਮ | | | |
| ਰ | ਮ | ਪ | ਸੰ | ਧੁ | - | ਪ | ਪ | ਧੁ | ਮ | ਪਧੁ | ਮਪ | ਗੁ | - | ਰ | ਸ |
| ਮਾ | ਈ | ਮੋ | ਰੋ | ਪ੍ਰੀ | s | ਤ | ਮ | ਰਾ | s | ਮs | ਬs | ਤਾ | s | ਵਹੁ | ਰੀ |
| | | | | ਨੁ | | | | | | | | ਮ | | | |
| ਰ | ਮ | ਪ | ਸੰ | ਧੁ | - | ਪ | ਪ | ਧੁ | ਮ | ਪਧੁ | ਮਪ | ਗੁ | - | ਰ | ਸ |
| ਮਾ | ਈ | ਮੋ | ਰੋ | ਪ੍ਰੀ | s | ਤ | ਮ | ਰਾ | s | ਮs | ਬs | ਤਾ | s | ਵਹੁ | ਰੀ |
| | | | | ਨੁ. | | | | | | | | | | | |
| ਰ | - | ਸ | ਸ | ਧੁ. | ਧੁ. | ਪ. | ਧੁ. | ਸ | ਸ | ਸ | ਸ | ਰ | ਰ | ਮ | ਮ |
| ਮਾ | s | ਈ | ਹਉ | ਹ | ਰਿ | ਬਿ | ਨ | ਖਿ | ਨੁ | ਪ | ਲੁ | ਰ | ਹਿ | ਨ | ਸ |
| ਪ | - | ਪ | ਧੁ | ਸੰ | ਸੰ | ਸੰ | ਰੰ | ਸੰਰੰ | ਗੁੰ | ਰੰ | ਸੰ | ਨੁਧੁ | ਪਮ | ਗੁਰ | ਸ |
| ਕਉ | s | ਜੈ | ਸੇ | ਕ | ਰ | ਹ | ਲੁ | ਬੇs | s | ਲਿ | ਰੀ | ਝਾs | ss | ਈs | s |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | ਨੁ | | | | | | | | | | | | ਨੁ | |
| ਮ | ਪ | ਧੁ | - | ਸੰ | ਸੰ | ਸੰ | - | ਨੁ | - | ਸੰ | ਸੰ | ਨੁਸੰ | ਰੰਸੰ | ਧੁ | ਪ |
| ਹ | ਮ | ਰਾ | s | ਮ | ਨੁ | ਬੈ | s | ਰਾ | s | ਗ | ਬਿੰ | ਰਕ | ਤੁs | ਭ | ਇਓ |
| | | | | | | ਨੁ | | | | | | ਮ | | | |
| ਸੰ | ਗੁੰ | ਰੰ | ਗੁੰ | ਸੰ | ਰੰਸੰ | ਧੁ | ਪ | ਮ | ਪ | ਪਧੁ | ਮਪ | ਗੁ | - | ਰ | ਸ |
| ਹ | s | ਰਿ | s | ਦ | ਰs | ਸ | ਨ | ਮੀ | s | ਤ | ਕੈs | ਤਾ | s | ਈ | s |

-ਬਾਕੀ ਤੁਕਾਂ ਅੰਤਰੇ ਤੇ ਲਾਓ ।

# ਰਾਗ ਆਸਾ

ਪ੍ਰਿੰ : ਦਿਆਲ ਸਿੰਘ

ਵਾਦੀ = ਮ ਠਾਟ = ਬਿਲਾਵਲ ਸਮਾਂ = ਰਾਤ ਦਾ ਚੌਥਾ ਪਹਿਰ (ਅੰਮ੍ਰਿਤ ਵੇਲਾ)
ਸੰਵਾਦੀ = ਸ ਜਾਤਿ = ਓਡਵ-ਸੰਪੂਰਨ ਆਰੋਹ = ਗ, ਨੀ, ਵਰਜਿਤ
ਆਰੋਹ = ਸ ਰ ਮ ਪ ਧ ਸਂ ॥ ਅਵਰੋਹ ਸਂ ਨ ਧ ਪ ਮ, ਗ ਰ ਸ ॥
ਪਕੜ = ਸ, ਰ ਮ ਪ ਧ ਪ ਮ, ਗ ਰ ਗ, ਸ (ਰ) ॥

*ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗਿ ਤੁਮਾਰੇ ਬਾਸਾ ॥*
*ਨੀਚ ਰੂਖ ਤੇ ਊਚ ਭਏ ਹੈ, ਗੰਧ ਸੁਗੰਧ ਨਿਵਾਸਾ ॥੧॥*
*ਮਾਧਉ ਸਤਸੰਗਤਿ ਸਰਨਿ ਤੁਮਾਰੀ ॥ ਹਮ ਅਉਗਨ ਤੁਮ ਉਪਕਾਰੀ ॥੧॥ਰਹਾਉ॥*
*ਤੁਮ ਮਖਤੂਲ ਸੁਪੇਦ ਸਪੀਅਲ, ਹਮ ਬਪੁਰੇ ਜਸ ਕੀਰਾ ॥*
*ਸਤਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ ॥੨॥*
*ਜਾਤੀ ਓਛਾ, ਪਾਤੀ ਓਛਾ, ਓਛਾ ਜਨਮੁ ਹਮਾਰਾ ॥*
*ਰਾਜਾ ਰਾਮ ਕੀ ਸੇਵ ਨ ਕੀਨੀ, ਕਹਿ ਰਵਿਦਾਸ ਚਮਾਰਾ ॥੩॥*

*(ਆਸਾ ਰਵਿਦਾਸ ਜੀਉ, ਪੰਨਾ ੪੮੬)*

ਤਾਲ ਕਹਿਰਵਾ

## *ਅਸਥਾਈ*

| x | | | | o | | | | x | | | | o | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਪ̣ | ਧ̣ |
| | | | | | | | | | | | | | | ਮਾ | ऽ |
| ਧ̣ | ਸ | – | – | – | – | ਰ | ਗ | ਸ | ਰ | ਸ | – | – | – | ਪ | ਮ |
| ਧਉ | ऽ | ऽ | ऽ | ऽ | ऽ | ਮਾ | ऽ | ਧਉ | ऽ | ऽ | ऽ | ऽ | ऽ | ਸ | ਤ |
| ਪ | ਧ | ਪ | ਮ | ਗ | ਸ | ਰ | ਗ | ਸ | ਰ | ਸ | – | – | – | ਸ | ਸ |
| ਸੰ | ऽ | ਗ | ਤ | ਸ | ਰ | ਨ | ਤੁ | ਮਾ | ऽ | ਰੀ | ऽ | ऽ | ऽ | ਹ | ਮ |
| – | ਸਂ | ਸਂ | ਸਂ | ਨ | ਪ | ਧ | ਨ | ਪ | ਧ | ਪ | – | – | – | ਪ | ਮ |
| ऽ | ਅਉ | ਗ | ਨ | ਤੁ | ਮ | ਉ | ਪ | ਕਾ | ऽ | ਰੀ | ऽ | ऽ | ऽ | ਸ | ਤ |

## *ਅੰਤਰਾ*

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | ਮ | ਮ | ਮ | ਮ | ਮ | ਮ | ਗ | ਮ | ਪ | ਪ | ਪ | – | ਧ | ਪਧ | ਨ |
| | ਤੁ | ਮ | ਚੰ | ਦ | ਨ | ਹ | ਮ | ਇ | ਰੰ | ਡ | ਬਾ | ऽ | ਪੁ | ਰੇऽ | ऽ |
| – | ਨ | ਨ | ਸਂ | ਨ | ਪ | ਧ | ਨ | ਪ | ਧ | ਧ | ਪ | – | – | – | – |
| ऽ | ਸੰ | ਗ | ਤੁ | ਮਾ | ऽ | ਰੇ | ऽ | ਬਾ | ऽ | ਸਾ | ऽ | ऽ | ऽ | ऽ | ऽ |
| – | ਪ | ਪ | ਧ | ਸਂ | ਸਂ | ਸਂ | – | ਸਂ | ਰਂ | ਰਂ | ਗਂ | ਸਂ | ਰਂ | ਸਂ | – |
| ऽ | ਨੀ | ਚ | ਰੂ | ऽ | ਖ | ਤੇ | ऽ | ਊ | ऽ | ਚ | ਭ | ਏ | ऽ | ਹੈ | ऽ |
| – | ਸਂ | ਸਂ | ਸਂ | ਨ | ਪ | ਧ | ਨ | ਪ | ਧ | ਪ | – | – | – | ਪ | ਮ |
| ऽ | ਗੰ | ਧ | ਸੁ | ਗੰ | ऽ | ਧ | ਨਿ | ਵਾ | ऽ | ਸਾ | ऽ | ऽ | ऽ | ਸ | ਤ |

–ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ ।

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ ਸੁਰ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਨੰ: 2, 4, 9, 11 ਕੋਮਲ ਸੁਰ ਹਨ । |
| ਮੰ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸੰ/ਪੰ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ s | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇਕ ਮਾਤਰਾ ਵਿਚ ਗਾਉਣਾ ਹੈ । |
| ਮ ਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| XO 123 | X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਮਹੀਨਾ ਜੁਲਾਈ/ਹਾੜ

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥ ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥ ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

| | | |
|---|---|---|
| ਸੰਮਤ ਬਿਕ੍ਰਮੀ 2054<br>ਸੰਮਤ ਨਾਨਕਸ਼ਾਹੀ 528<br>ਸੰਮਤ ਖਾਲਸਾ 299<br>ਸੰਮਤ ਸ਼ਾਕਾ 1919 | ਜੁਲਾਈ<br>JULY 1997 | ਸੰਗਰਾਂਦ 16 ਜੁਲਾਈ<br>ਪੂਰਨਮਾਸ਼ੀ 20 ਜੁਲਾਈ<br>ਮਸਿਆ 4 ਜੁਲਾਈ<br>ਪੰਚਮੀ 10 ਜੁਲਾਈ |

| | | | | | |
|---|---|---|---|---|---|
| ਐਤ SUN | ✹ | 6<br>22 ਹਾੜ<br>ਹਾੜ ਸੁਦੀ 2 | 13<br>30 ਹਾੜ<br>ਹਾੜ ਸੁਦੀ 8 | 20<br>5 ਸਾਵਣ<br>ਪੂਰਨ:,ਸ: ਵ:1 | 27<br>12 ਸਾਵਣ<br>ਸਾਵਣ ਵਦੀ 8 |
| ਸੋਮ MON | ✹ | 7<br>24 ਹਾੜ<br>ਹਾੜ ਸੁਦੀ 3 | 14<br>31 ਹਾੜ<br>ਹਾੜ ਸੁਦੀ 9 | 21<br>6 ਸਾਵਣ<br>ਸਾਵਣ ਵਦੀ 2 | 28<br>13 ਸਾਵਣ<br>ਸਾਵਣ ਵਦੀ 9 |
| ਮੰਗਲ TUE | 1<br>18 ਹਾੜ<br>ਹਾੜ ਵਦੀ 12 | 8<br>25 ਹਾੜ<br>ਹਾੜ ਸੁਦੀ 4 | 15<br>32 ਹਾੜ<br>ਹਾੜ ਸੁਦੀ 10 | 22<br>7 ਸਾਵਣ<br>ਸਾਵਣ ਵਦੀ 3 | 29<br>14 ਸਾਵਣ<br>ਸਾਵਣ ਵਦੀ 10 |
| ਬੁੱਧ WED | 2<br>19 ਹਾੜ<br>ਹਾੜ ਵਦੀ 13 | 9<br>26 ਹਾੜ<br>ਹਾੜ ਸੁਦੀ 4 | 16<br>1 ਸਾਵਣ<br>ਹਾੜ ਸੁਦੀ 11 | 23<br>8 ਸਾਵਣ<br>ਸਾਵਣ ਵਦੀ 4 | 30<br>15 ਸਾਵਣ<br>ਸਾਵਣ ਵਦੀ 11 |
| ਵੀਰ THU | 3<br>20 ਹਾੜ<br>ਹਾੜ ਵਦੀ 14 | 10<br>27 ਹਾੜ<br>ਹਾੜ ਸੁਦੀ 5 | 17<br>2 ਸਾਵਣ<br>ਹਾੜ ਸੁਦੀ 12 | 24<br>9 ਸਾਵਣ<br>ਸਾਵਣ ਵਦੀ 5 | 31<br>16 ਸਾਵਣ<br>ਸਾਵਣ ਵਦੀ 12 |
| ਸ਼ੁੱਕਰ FRI | 4<br>22 ਹਾੜ<br>ਮਸਿਆ | 11<br>28 ਹਾੜ<br>ਹਾੜ ਸੁਦੀ 6 | 18<br>3 ਸਾਵਣ<br>ਹਾੜ ਸੁਦੀ 13 | 25<br>10 ਸਾਵਣ<br>ਸਾਵਣ ਵਦੀ 6 | ✹ |
| ਸ਼ਨੀ SAT | 5<br>22 ਹਾੜ<br>ਹਾੜ ਸੁਦੀ 1 | 12<br>29 ਹਾੜ<br>ਹਾੜ ਸੁਦੀ 7 | 19<br>4 ਸਾਵਣ<br>ਹਾੜ ਸੁਦੀ 14 | 26<br>11 ਸਾਵਣ<br>ਸਾਵਣ ਵਦੀ 7 | ✹ |

## ਗੁਰਪੁਰਬ

ਪਾ: ੮ ਅਵਧਾਰ ਧਾਰਿਆ 28 ਜੁਲਾਈ

## ਦਿਨ ਦਿਹਾਰ ਤੇ ਛੁੱਟੀਆਂ

ਈਦੁਲ ਮੀਲਾਦ 18 ਜੁਲਾਈ

*ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ*

ਅਰਥ- (ਜਿਵੇਂ) ਸਾਵਣ ਵਿਚ (ਵਰਖਾ ਨਾਲ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ, ਤਿਵੇਂ ਉਹ) ਜੀਵ-ਇਸਤ੍ਰੀ ਹਰਿਆਵਲੀ ਹੋ ਜਾਂਦੀ ਹੈ ( ਭਾਵ, ਉਸ ਜੀਵ ਦਾ ਹਿਰਦਾ ਖਿੜ ਪੈਂਦਾ ਹੈ) ਜਿਸ ਦਾ ਪਿਆਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ । ਉਸ ਦਾ ਮਨ ਉਸ ਦਾ ਤਨ ਪਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ, ਪਰਮਾਤਮਾ ਦਾ ਨਾਮ ਹੀ (ਉਸ ਦੀ ਜ਼ਿੰਦਗੀ ਦਾ) ਆਸਰਾ ਬਣ ਜਾਂਦਾ ਹੈ, ਮਾਇਆ ਦੇ ਨਾਸਵੰਤ ਕੌਤਕ ਉਸ ਨੂੰ ਸਾਰੇ ਸੁਆਹ (ਨਿਕੰਮੇ) ਦਿੱਸਦੇ ਹਨ । (ਸਾਵਣ ਵਿਚ ਜਿਵੇਂ ਵਰਖਾ ਦੀ ਬੂੰਦ ਸੋਹਣੀ ਲੱਗਦੀ ਹੈ, ਤਿਵੇਂ ਪ੍ਰਭੂ-ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ) ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲੱਗਦੀ ਹੈ, ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਪੈਂਦਾ ਹੈ (ਪ੍ਰਭੂ ਦੀ ਵਡਿਆਈ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਭੀ ਉਸ ਨੂੰ ਮਿੱਠੀਆਂ ਲੱਗਦੀਆਂ ਹਨ, ਗੁਰੂ ਨੂੰ ਮਿਲ ਕੇ ਬੜੇ ਸ਼ੌਕ ਨਾਲ ਸੁਣਦਾ ਹੈ) ।

ਜਿਸ ਪ੍ਰਭੂ ਦੇ ਮੇਲ ਨਾਲ ਸਾਰਾ ਜਗਤ (ਬਨਸਪਤੀ ਆਦਿਕ) ਹਰਿਆ-ਭਰਿਆ ਹੋਇਆ ਹੈ, ਜੋ ਪ੍ਰਭੂ ਸਭ ਕੁਝ ਕਰਨ ਜੋਗਾ ਹੈ ਵਿਆਪਕ ਹੈ ਤੇ ਬੇਅੰਤ ਹੈ, ਉਸ ਨੂੰ ਮਿਲਣ ਵਾਸਤੇ ਮੇਰਾ ਮਨ ਭੀ ਤਾਂਘਦਾ ਹੈ, ਪਰ ਉਹ ਪ੍ਰਭੂ ਆਪ ਹੀ ਆਪਣੀ ਮਿਹਰ ਨਾਲ ਮਿਲਾਣ ਦੇ ਸਮਰੱਥ ਹੈ । ਮੈਂ ਉਹਨਾਂ ਗੁਰਮੁਖ ਸਹੇਲੀਆਂ ਤੋਂ ਸਦਕੇ ਹਾਂ, ਸਦਾ ਕੁਰਬਾਨ ਹਾਂ ਜਿੰਨ੍ਹਾਂ ਦਾ ਮਿਲਾਪ ਹਾਸਲ ਕਰ ਲਿਆ ਹੈ ।

ਹੇ ਨਾਨਕ ! (ਬੇਨਤੀ ਕਰ ਤੇ ਆਖ-) ਹੇ ਪ੍ਰਭੂ ! ਮੇਰੇ ਉਤੇ ਮਿਹਰ ਕਰ, ਤੂੰ ਆਪ ਹੀ ਗੁਰੂ ਦੇ ਸ਼ਬਦ ਦੀ ਰਾਹੀਂ (ਮੇਰੀ ਜਿੰਦ ਨੂੰ) ਸਵਾਰਨ ਜੋਗਾ ਹੈਂ ।

ਸਾਵਣ ਦਾ ਮਹੀਨਾ ਉਹਨਾਂ ਭਾਗਾਂ ਵਾਲੀਆਂ (ਜੀਵ-ਇਸਤ੍ਰੀਆਂ) ਵਾਸਤੇ (ਖੇੜਾ ਤੇ ਠੰਢ ਲਿਆਉਣ ਵਾਲਾ) ਹੈ ਜਿੰਨ੍ਹਾਂ ਨੇ ਆਪਣੇ ਹਿਰਦੇ (-ਰੂਪ ਗਲ) ਵਿਚ ਪਰਮਾਤਮਾ ਦਾ ਨਾਮ (-ਰੂਪ) ਹਾਰ ਪਾਇਆ ਹੋਇਆ ਹੈ ।੬।

T ਸਿਰੀਜ਼ ਪੇਸ਼ ਕਰਦੇ ਹਨ

ਡਾ. ਜਾਗੀਰ ਸਿੰਘ ਚੰਡੀਗੜ੍ਹ ਵਾਲਿਆਂ

ਦੀ

ਆਵਾਜ਼ ਵਿੱਚ

ਸ਼ਬਦ ਗੁਰਬਾਣੀ ਦੀ ਕੈਸੱਟ

ਸਭ ਬਿਧਿ ਤੁਮ ਹੀ ਜਾਨਤੇ ਪਿਆਰੇ

ਸਾਰੀਆਂ ਕੈਸੱਟ ਦੁਕਾਨਾਂ ਤੋਂ ਮਿਲ ਸਕਦੀ ਹੈ ।

Regd. NO. PB/CH-155
RNI Regd No. 46788/89

**BOOK POST**
(Printed Matter)

To

______________________________

______________________________

______________________________

*If undelivered please return to*

**AMRIT KIRTAN TRUST (Regd.)**
422, Sector 15-A, Chandigarh-160 015
Phone : 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 7 ਸਾਲ ਨੌਵਾਂ ਜੁਲਾਈ 1997

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ । ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ । ਆਪ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀਆਂ ਪ੍ਰਕਾਸ਼ਨਾਵਾਂ

## ਪੰਜਾਬੀ ਪ੍ਰਕਾਸ਼ਨਾਂ

| | | |
|---|---|---|
| ੧. | ਸੁ ਅੰਮ੍ਰਿਤ ਗੁਰ ਤੇ ਪਾਇਆ | ੩੦.00 |
| ੨. | ਰੱਬੀ ਰਿਸ਼ਮਾਂ | ੨੦.00 |
| ੩. | ਹਰਿਮੰਦਰ ਦੀਆਂ ਕਿਆ ਬਾਤਾਂ ਨੇ | ੩੦.00 |
| ੪. | ਪੰਜਾਬ ਵੱਸਦਾ ਗੁਰਾਂ ਦੇ ਨਾਮ ਤੇ | ੨੦.00 |
| ੫. | ਬਾਬਾ ਸ਼ੇਖ ਫਰੀਦ ਦੀ ਬਾਣੀ ਦਾ ਚਿਹਨ ਵਿਗਿਆਨਕ ਅਧਿਐਨ | ੩੦.00 |
| ੬. | ਆਉ ਰੰਗ ਭਰੀਏ (ਡਰਾਇੰਗ ਕਾਪੀ) | ੧੦.00 |
| ੭. | ਸਿਮਰਨ ਧਿਆਇਨ ਅਭਿਆਸ | ੧੫.00 |
| ੮. | ਧਰਮ ਅਧਿਐਨ ਤੇ ਗੁਰਮਤਿ ਬੋਧ | ੭.00 |
| ੯. | ਸਿੱਖ ਫੇਥ-ਸੁਆਲ ਅਤੇ ਜੁਆਬ | ੧੦.00 |
| ੧੦. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤੇ ਮੂਲ ਮੰਤਰ | ੧.00 |
| ੧੧. | ਮੂਲ ਮੰਤਰ-ਸੰਕਲਪ ਅਤੇ ਵਿਵੇਚਨ | ੧੫.00 |
| ੧੨. | ਹਰਿ ਕੀਰਤਨ (ਸ਼ਬਦਾਂ ਦੀ ਪੋਥੀ) | ੩੦.00 |
| ੧੩. | ਇਹ ਕੇਵਲ ਚਿੰਨ੍ਹ ਨਹੀਂ | ੧.੫0 |
| ੧੪. | ਧਰਮ ਸੰਗਤ ਤੇ ਸਮਾਜ ਉਸਾਰੀ | ੨.00 |
| ੧੫. | ਅਨਹਦ ਨਾਦ | ੩.00 |
| ੧੬. | ਅਜੋਕਾ ਯੁਗ-ਇਸਤਰੀ ਅਤੇ ਗੁਰਮਤਿ | ੧.00 |
| ੧੭. | ਪੀੜਾਂ ਦੇ ਪੰਘੂੜੇ ਪਲਿਆ ਪੰਥ | ੧.੫0 |
| ੧੮. | ਨਾਨਕ ਸਚਾ ਪਾਤਸਾਹੁ | ੧.੫0 |
| ੧੯. | ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ | ੧.00. |
| ੨੦. | ਸਿੱਖ ਬੀਬੀਆਂ | ੧.00 |
| ੨੧. | ਕੇਸ ਸਾਨੂੰ ਕਿਉਂ ਪਿਆਰੇ ਹਨ ? | ੧.00 |
| ੨੨. | ਕੇਸ ਸਿੱਖੀ ਦੀ ਮੁਹਰ | ੧.00 |
| ੨੩. | ਮੈਨੂੰ ਸਿੱਖੀ ਕਿਉਂ ਪਿਆਰੀ ਲੱਗਦੀ ਹੈ ? | ੧.00 |
| ੨੪. | ਬੰਦਨਾ (ਹਿੰਦੀ ਪੰਜਾਬੀ ਸ਼ਬਦ) | ੧.00 |
| ੨੫. | ਵੇਦਨਾ | ੧.00 |
| ੨੬. | ਬਿਪਰਨ ਕੀ ਰੀਤ | ੧.00 |
| ੨੭. | ਜਪੁ ਤੇ ਜਾਪੁ ਵਿਚ ਦਸੀ ਸਿੱਖੀ ਰਹਿਤ | ੧.00 |
| ੨੮. | ਕੀ ਗੁਰੂ ਗੋਬਿੰਦ ਸਿੰਘ ਦੇਵੀ ਪੂਜਾ ਕਰਦੇ ਸਨ ? | ੧.00 |
| ੨੯. | ਸਿੱਖੋ ? ਸਿੱਖੀ ਜਵਾਬ ਮੰਗਦੀ ਹੈ | ੧.00 |
| ੩੦. | ਵਿਚਾਰ ਯਾਦਾਂ | ੧.00 |
| ੩੧. | ਕੀ ਰੱਬ ਹੈ ? | ੧.00 |
| ੩੨. | ਔਖਾ ਫੈਸਲਾ | ੧.00 |
| ੩੩. | ਸਿੱਖੀ ਤੇ ਮਾਰੂ ਹਮਲੇ ਤੇ ਕੌਮੀ ਗੈਰਤ | ੧.00 |
| ੩੪. | ਗੁਰਸਿੱਖਾਂ ਲਈ ਗੁਰਬਾਣੀ ਦੇ ਫੁਰਮਾਨ | ੧.00 |
| ੩੫. | ਪੰਜਾਬੀਅਤ | ੧.00 |
| ੩੬. | ਅਨੰਤ ਰੂਪ ਤੇਰੇ ਨਾਰਾਇਣਾ | ੨.00 |
| ੩੭. | ਭਾਈ ਗੁਰਦਾਸ ਦੀਆਂ ਨਜ਼ਰਾਂ ਵਿਚ ਸਿੱਖ | ੧.00 |
| ੩੮. | ਗੁਰੂ ਨਾਨਕ ਸੰਦੇਸ਼ | ੨.00 |
| ੪੦. | ਗੁਰਬਾਣੀ ਦੇ ਦਸ ਸਿਧਾਂਤ | ੧.00 |
| ੪੧. | ਤਪਤ ਲੋਹ ਤਪਤ ਨੀਰ ਤਪਤ ਰੇਤ | ੧.00 |
| ੪੨. | ਅਸੀ ਖਾਲਸੇ ਹੋ ਜਾਈਏ | ੧.00 |
| ੪੩. | ਸਭ ਤੋਂ ਉਤਮ ਭਗਤੀ | ੧.00 |
| ੪੪. | ਦੰਪਤੀ ਸਿੱਖਿਆ | ੧.00 |
| ੪੫. | ਨਾਨਕ ਦੁਖੀਆ ਸਭ ਸੰਸਾਰ | ੧.00 |
| ੪੬. | ਰਿਜ਼ਕ | ੧.00 |
| ੪੭. | ਐਸੋ ਕਉਣ ਬਲੀ ਰੇ | ੧.00 |
| ੪੮. | ਨਾਮੁ ਸਿਮਰਨ | 0.੫0 |
| ੪੯. | ਸਿੱਖ ਅਰਦਾਸ | 0.੫0 |

## हिन्दी प्रकाशनाऐं

| | | |
|---|---|---|
| 50 | *खंडे दा अम्रित* | 1.00 |
| 51 | *सिख विरसा* | 3.00 |
| 52 | *गुरपरमेश्र नानक* | 15.00 |

## ਅੰਗ੍ਰੇਜ਼ੀ ਪ੍ਰਕਾਸ਼ਨਾਂ

| | | |
|---|---|---|
| 53. | These are not Symbols | 2.00 |
| 54. | A Day of Darbar Sahib | 1.00 |
| 55. | Significance of amrit | 1.00 |
| 56. | Importance of Hair & Turban | 1.00 |
| 57. | Unsikh Practices in Sikh Society | 1.00 |
| 58. | Guru nanak Glory of India | 1.00 |
| 59. | The Khalsa Nation and its objective | 1:00 |
| 60. | Sikh Faith | 10.00 |
| 61. | Sikhism An Original Faith | 15.00 |
| 62. | Why Am I A Sikh | 0.50 |
| 63. | Bhakti & Shakti | 8.00 |


ਸਿੱਖ ਬੁੱਕ ਸੈਂਟਰ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ-੧੪੧੦੦੨


ਨੋਟ : ਚੈਕ/ਡਰਾਫਟ ਸਿੱਖ ਬੁੱਕ ਸੈਂਟਰ ਦੇ ਨਾਮ ਉਤੇ ਭੇਜੋ ਜੀ ।